

FARM AND SPICE
Open 7 Days a Week
8.30 am to 9.00 pm
SPECIAL OFFERS: 09-15 JUN
Daily Specials on
ਗਾਜਰਾਂ
Carrots
Jumbo
99¢ /lb
ਟਮਾਟਰ
Tomatoes
99¢ /lb
ਹਰੇ ਨਿੰਬੂ
Lime
2 for $1.00
ਐਂਬ੍ਰੋਸੀਆ ਸੇਬ
Ambrosia Apple
$1.49 /lb
ਨਿੰਬੂ
Lemon
2 for $1.00
ਹਰੇ ਪਿਆਜ
Green Onion
69¢ each
ਸ਼ਿਮਲਾ ਮਿਰਚ
Green Pepper
$1.49 /lb
ਸੰਤਰਾ ਵਡਾ
Orange Large
$1.49 /lb
ਸ਼ਕਰਕੰਦੀ
Red Yams
$1.49 /lb
ਖੀਰਾ
Cucumber
$1.49 each
ਸੰਤਰਾ ਨਿੱਕਾ
Orange Small
$1.99 /lb
ਪਾਲਕ
Spinach
$1.49 each
ਮੇਥੀ
Methi
Local
$1.99 each
ਜੰਬੋ ਬੈਂਗਣ
Eggplant
Jumbo
$1.99 each
ਫੁਲ ਗੋਬੀ
Cauliflower
$2.99 each
ਲਸਣ
Garlic
1kg
1kg $3.49 each
ਲੈਟਿਸ ਰੋਮੇਨ
Lettuce Romaine
$1.99 each
ਲੈਟਿਸ ਹੈੱਡ
Lettuce Head
$1.99 each
ਕਰੇਲਾ
Karela
$2.99 /lb
ਅਨਾਰ
Pomegranate
$2.49 each
ਸਟ੍ਰਾਬੈਰੀ
Strawberry 1lb
$2.99 Pack
ਅਸ਼ੋਕਾ ਸਾਗ
Ashoka
Sarson Ka Saag
850g $2.99 each
ਪਚਰੰਗਾ ਸ਼ੱਕਰ
Pachranga
Punjabi Shakkar
1kg $3.99 each
ਰੂਹਅਫਜ਼ਾ
Hamdard
Roohafza India
750ml $3.99 each
ਸ਼ੇਰ ਗੁੜ ਸ਼ੱਕਰ
Sher
Gur/Shakkar
1kg $3.99 each
ਬੱਲੇ ਬੱਲੇ ਪੇਸੀ ਗੁੜ
Balle Balle Pesi Gur
1kg $3.99 each
ਰੈਡ ਲੇਬਲ ਚਾਹ
Red Label
Round Tea Bags
216Bags $9.99 each
ਹੀਰ ਆਟਾ
Heer Atta
Whole Wheat/
Durum Chakki
20 lb $12.99 each
ਕ੍ਰਾਉਨ ਤੇਲ
Crown
Sunflower Oil
3 ltr $14.99 each
A+Plus
A+Plus asstd. pulses 1kg
50% OFF
Mangoes available at both locations
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਭਾਰਤ ਦੇ ਅਸਾਮ ਅਤੇ ਅਰੁਣਾਚਲ ਪ੍ਰਦੇਸ਼ ਦਰਮਿਆਨ ਝੜਪਾਂ ਵਿਚ ਮੌਤਾਂ ਦੀ ਖ਼ਬਰ

ਗੁਹਾਟੀ- ਸਰਹੱਦੀ ਵਿਵਾਦ ਨੂੰ ਲੈ ਕੇ ਮੰਗਲਵਾਰ ਨੂੰ ਭਾਰਤ ਦੇ ਦੋ ਰਾਜਾਂ ਅਸਾਮ ਅਤੇ ਅਰੁਣਾਚਲ ਪ੍ਰਦੇਸ਼ ਦੇ ਲੋਕਾਂ ਵਿਚਾਲੇ ਝੜਪਾਂ 'ਚ ਘੱਟੋ-ਘੱਟ ਦੋ ਵਿਅਕਤੀ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ।ਸ਼ੁਰੂਆਤੀ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਅਰੁਣਾਚਲ ਪ੍ਰਦੇਸ਼ ਦੇ ਹਥਿਆਰਬੰਦ ਵਿਅਕਤੀਆਂ ਦੇ ਇੱਕ ਸਮੂਹ ਦੇ ਅੰਦਰ ਆਉਣ ਅਤੇ ਅਸਾਮ ਵਾਲੇ ਪਾਸੇ ਗੋਲੀਬਾਰੀ ਕਰਨ ਤੋਂ ਬਾਅਦ ਇਹ ਮੌਤਾਂ ਹੋਈਆਂ।

ਇਹ ਘਟਨਾ ਅਜਿਹੇ ਸਮੇਂ ਵਾਪਰੀ ਜਦੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਉੱਤਰ-ਪੂਰਬੀ ਰਾਜਾਂ ਵਿਚਾਲੇ ਦਹਾਕਿਆਂ ਪੁਰਾਣੇ ਸਰਹੱਦੀ ਵਿਵਾਦ ਨੂੰ ਸੁਲਝਾਉਣ ਲਈ ਗੱਲਬਾਤ ਚੱਲ ਰਹੀ ਹੈ।ਗੋਲੀਬਾਰੀ ਆਸਾਮ ਦੇ ਧੇਮਾਜੀ ਜ਼ਿਲ੍ਹੇ ਤੋਂ ਹੋਈ ਹੈ ਜੋ ਅਰੁਣਾਚਲ ਪ੍ਰਦੇਸ਼ ਦੀ ਸਰਹੱਦ ਨਾਲ ਪੈਂਦਾ ਹੈ।ਮ੍ਰਿਤਕਾਂ ਦੀ ਪਛਾਣ ਬੋਗਾ ਚੁਟੀਆ ਅਤੇ ਮੋਨੀਟੂ ਗੋਗੋਈ ਵਜੋਂ ਹੋਈ ਹੈ।ਘਟਨਾ ਬਾਰੇ ਬੋਲਦਿਆਂ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਇਹ ਕਹਿ ਕੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, "ਅਸੀਂ ਅਜੇ ਅਰੁਣਾਚਲ ਪ੍ਰਦੇਸ਼ ਨਾਲ ਆਪਣੀ ਸਥਾਈ ਸਰਹੱਦ ਦੀ ਨਿਸ਼ਾਨਦੇਹੀ ਨਹੀਂ ਕੀਤੀ ਹੈ। ਪਰ ਜ਼ਿਆਦਾਤਰ ਮਾਮਲਿਆਂ ਵਿੱਚ, ਇਹ ਗੁਆਂਢੀ ਰਾਜ ਸਾਡੇ 'ਤੇ ਹਮਲਾ ਨਹੀਂ ਕਰ ਰਿਹਾ ਹੈ। ਇਹ ਰਾਜ ਦੇ ਕੁਝ ਬਦਮਾਸ਼ ਹਨ ਜੋ ਆਪਣੇ ਨਿੱਜੀ ਲਾਭਾਂ ਅਤੇ ਜਾਇਦਾਦ ਦੇ ਲਾਲਚ ਲਈ ਸਾਡੇ 'ਤੇ ਹਮਲਾ ਕਰਦੇ ਹਨ।ਅਸਾਮ ਅਤੇ ਅਰੁਣਾਚਲ ਦੀ 804.1 ਕਿਲੋਮੀਟਰ ਲੰਬੀ ਸਰਹੱਦ ਹੈ। ਦੋਵਾਂ ਰਾਜਾਂ ਦੀਆਂ ਸਰਕਾਰਾਂ ਨੇ ਆਪਣੇ ਸਰਹੱਦੀ ਵਿਵਾਦਾਂ ਨੂੰ ਸੁਲਝਾਉਣ ਲਈ ਪਿਛਲੇ ਮਹੀਨੇ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ਵਿੱਚ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਸਨ।

# ਭਾਰਤ-ਪਾਕਿ ਗੱਲਬਾਤ ਬਗ਼ੈਰ ਕਸ਼ਮੀਰ ਦੇ ਹਾਲਾਤ ਨਹੀਂ ਸੁਧਰਨਗੇ:ਫ਼ਾਰੂਕ

ਸ੍ਰੀਨਗਰ-ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫ਼ਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਕਸ਼ਮੀਰ 'ਚ ਜੀ-20 ਸਮਾਗਮ ਕਰਵਾਉਣ ਨਾਲ ਵਾਦੀ 'ਚ ਸੈਰ-ਸਪਾਟੇ ਨੂੰ ਉਦੋਂ ਤੱਕ ਕੋਈ ਲਾਭ ਨਹੀਂ ਪੁੱਜੇਗਾ, ਜਦੋਂ ਤੱਕ ਭਾਰਤ ਤੇ ਪਾਕਿਸਤਾਨ ਗੱਲਬਾਤ ਰਾਹੀਂ ਕਸ਼ਮੀਰ ਦਾ ਕੋਈ ਪੱਕਾ ਹੱਲ ਨਹੀਂ ਕੱਢ ਲੈਂਦੇ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਚੁਣੀ ਹੋਈ ਸਰਕਾਰ ਦੀ ਘਾਟ ਕਾਰਨ ਜੰਮੂ-ਕਸ਼ਮੀਰ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ ਕਿਉਂਕਿ ਇਕੱਲੇ ਉਪ-ਰਾਜਪਾਲ ਤੇ ਉਨ੍ਹਾਂ ਦੇ ਸਲਾਹਕਾਰ ਪੂਰੇ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਦੇਖਭਾਲ ਨਹੀਂ ਕਰ ਸਕਦੇ।ਸ੍ਰੀਨਗਰ 'ਚ ਸੈਰ-ਸਪਾਟੇ ਸੰਬੰਧੀ ਜੀ-20 ਦੀ ਕਰਵਾਈ ਗਈ ਬੈਠਕ ਦੇ ਸੰਬੰਧ 'ਚ ਪੱਤਰਕਾਰਾਂ ਵਲੋਂ ਪੁੱਛੇ ਇਕ ਸਵਾਲ ਦਾ ਜਵਾਬ ਦਿੰਦਿਆਂ ਫ਼ਾਰੂਕ ਅਬਦੁੱਲਾ ਨੇ ਕਿਹਾ ਕਿ ਸਾਨੂੰ ਵਿਦੇਸ਼ੀ ਸੈਲਾਨੀਆਂ ਦੀ ਆਮਦ ਦੇ ਰੂਪ 'ਚ ਕੋਈ ਲਾਭ ਨਹੀਂ ਹੋਵੇਗਾ, ਜਦੋਂ ਤੱਕ ਇਥੇ ਦੀ ਸਥਿਤੀ 'ਚ ਸੁਧਾਰ ਨਹੀਂ ਹੁੰਦਾ ਅਤੇ ਸਥਿਤੀ ਉਸ ਸਮੇਂ ਤੱਕ ਠੀਕ ਨਹੀਂ ਹੋਵੇਗੀ ਜਦੋਂ ਦੋਵੇਂ ਮੁਲਕ (ਭਾਰਤ-ਪਾਕਿ) ਵਾਦੀ ਦੇ ਭਵਿੱਖ ਨੂੰ ਲੈ ਕੇ ਕੋਈ ਠੋਸ ਗੱਲਬਾਤ ਨਹੀਂ ਕਰਨਗੇ।ਸ੍ਰੀਨਗਰ ਤੋਂ ਲੋਕ ਸਭਾ ਸੰਸਦ ਮੈਂਬਰ ਫਾਰੂਕ ਅਬਦੁੱਲਾ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਚੋਣਾਂ ਲੜਨ ਲਈ ਹਰ ਸਮੇਂ ਤਿਆਰ ਹੈ।

# ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵਿਖੇ ਸ਼ਹੀਦੀ ਸਮਾਗਮ ਮਨਾਇਆ



ਐਬਸਫੋਰਡ:ਬੀਤੇ ਦਿਨ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿਚ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਆਖੰਠ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਦੀਵਾਨ ਸਜਾਏ ਗਏ। ਇਸ ਮੌਕੇ ਉਘੇ ਸਿੱਖ ਵਿਦਵਾਨ ਡਾ ਗੁਰਵਿੰਦਰ ਸਿੰਘ ਧਾਲੀਵਾਲ ਵਲੋਂ ਜੂਨ 1984 ਵਿਚ ਭਾਰਤੀ ਹਕੂਮਤ ਦੇ ਸਿੱਖਾਂ ਦੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਨਿਸ਼ਾਨਾ ਬਣਾਕੇ ਕੀਤੇ ਗਏ ਫੌਜੀ ਹਮਲੇ ਦੇ ਬਿਰਤਾਂਤ ਸਮੇਤ ਇਸ ਹਮਲੇ ਪਿਛਲੀ ਸਾਜਿਸ਼ ਤੇ ਰਾਜਸੀ ਬੇਈਮਾਨੀ ਬਾਰੇ ਸੰਗਤਾਂ ਨੂੰ ਜਾਣੂ ਕਰਵਾਉਂਦਿਆਂ ਇਸਦੇ ਇਤਿਹਾਸਕ ਪ੍ਰਭਾਵਾਂ ਦੇ ਨਾਲ ਸਿੱਖਾਂ ਨੂੰ ਆਪਣੇ ਭਵਿੱਖ ਬਾਰੇ ਚਿੰਤਾਤਰ ਤੇ ਜਾਗਰੁਕ ਹੋਣ ਦਾ ਸੱਦਾ ਦਿੱਤਾ।ਮਾਗਮ ਦੇ ਅੰਤ ਵਿਚ ਹੈਡ ਗਰੰਥੀ ਵਲੋਂ ਅਰਦਾਸ ਕੀਤੀ ਗਈ ਤੇ ਹੁਕਮਨਾਮੇ ਲਏ ਗਏ। ਗੁਰੂ ਘਰ ਦੇ ਪ੍ਰੇਮੀਆਂ ਵਲੋਂ ਲੰਗਰਾਂ ਦੀ ਸੇਵਾ ਨਾਲ ਗੁਰੂ ਕੇ ਲੰਗਰ ਅਤੁਟ ਵਰਤਾਏ ਗਏ।


# ਹਿੰਦੂਤਵੀ ਨੇਤਾ ਨੇ ਇਕ ਹੋਰ ਨਫ਼ਰਤ ਭਰੇ ਭਾਸ਼ਣ ਵਿਚ ਮੁਸਲਿਮ ਔਰਤਾਂ ਨੂੰ ਨਿਸ਼ਾਨਾ ਬਣਾਇਆ



ਹੈਦਰਾਬਾਦ:ਹਿੰਦੂਤਵ ਦੇ ਨਾਇਕ ਅਤੇ ਵਿਧਾਨ ਸਭਾ ਦੇ ਮੈਂਬਰ, ਟੀ. ਰਾਜਾ ਨੇ ਹਿੰਦੂ ਔਰਤਾਂ ਨੂੰ ਮੁਸਲਿਮ ਔਰਤਾਂ ਨਾਲ ਦੋਸਤੀ ਨਾ ਕਰਨ ਦੀ ਅਪੀਲ ਕੀਤੀ। ਟੀ ਰਾਜਾ ਇੱਕ ਮੁਅੱਤਲ ਭਾਜਪਾ ਆਗੂ ਅਤੇ ਹੈਦਰਾਬਾਦ ਦੇ ਗੋਸ਼ਾਮਹਿਲ ਹਲਕੇ ਤੋਂ ਇਸ ਦਾ ਵਿਧਾਇਕ, ਆਪਣੇ ਨਫ਼ਰਤ ਭਰੇ ਭਾਸ਼ਣਾਂ ਲਈ ਬਦਨਾਮ ਹੈ।ਨਫ਼ਰਤ ਭਰਿਆ ਭਾਸ਼ਣ ਸਪੱਸ਼ਟ ਤੌਰ 'ਤੇ ਤੇਲੰਗਾਨਾ ਹਾਈ ਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਹੈ, ਜਿਸ ਨੇ ਉਸ ਨੂੰ ਪੈਗੰਬਰ ਮੁਹੰਮਦ (ਸ.) ਦੇ ਖਿਲਾਫ ਅਪਮਾਨਜਨਕ ਟਿੱਪਣੀਆਂ ਕਰਨ ਦੇ ਮਾਮਲੇ ਵਿੱਚ ਸ਼ਰਤੀਆ ਜ਼ਮਾਨਤ ਦਿੱਤੀ ਸੀ। ਅਦਾਲਤ ਨੇ ਉਸ ਨੂੰ ਕਿਸੇ ਵੀ ਧਰਮ ਵਿਰੁੱਧ ਭੜਕਾਊ ਭਾਸ਼ਣ ਦੇਣ ਵਿਰੁੱਧ ਚੇਤਾਵਨੀ ਦਿੱਤੀ ਸੀ ਅਤੇ ਉਸ ਨੂੰ ਅਪਮਾਨਜਨਕ ਸੋਸ਼ਲ ਮੀਡੀਆ ਪੋਸਟਾਂ ਤੋਂ ਬਚਣ ਲਈ ਵੀ ਕਿਹਾ ਸੀ।ਆਪਣੇ ਆਦਿਲਾਬਾਦ ਭਾਸ਼ਣ ਵਿੱਚ ਰਾਜਾ ਨੇ ਕਿਹਾ, "ਜਿਸ ਦੇ ਮੱਥੇ ਉੱਤੇ ਤਿਲਕ ਹੈ ਉਹ ਮੇਰਾ ਭਰਾ ਅਤੇ ਹਿੰਦੂ ਹੈ। ਮੈਂ ਸਿਰਫ ਉਨ੍ਹਾਂ ਲੋਕਾਂ ਨਾਲ ਦੋਸਤੀ ਕਰਾਂਗਾ ਜੋ ਤਿਲਕ ਲਾਉਂਦੇ ਹਨ ਅਤੇ ਸਾਡੀਆਂ ਔਰਤਾਂ ਕਿਰਪਾ ਕਰਕੇ ਬੁਰਕਾ ਪਹਿਨਣ ਵਾਲੀਆਂ ਔਰਤਾਂ ਨਾਲ ਦੋਸਤੀ ਨਾ ਕਰਨ।"ਉਸਨੇ ਇੱਕ ਤਾਜ਼ਾ ਵਿਵਾਦਤ ਹਿੰਦੀ ਫਿਲਮ ਦ ਕੇਰਲਾ ਸਟੋਰੀ ਦੇ ਸਪਸ਼ਟ ਸੰਦਰਭ ਵਿੱਚ ਕਿਹਾ, ਇਹ ਫਿਲਮ ਮੁਸਲਮਾਨਾ ਦੇ ਵਿਰੁੱਧ ਹੈ ਜੋ ਕਿ 'ਲਵ ਜੇਹਾਦ' ਦੇ ਝੂਠੇ ਬਿਰਤਾਂਤ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਜਿਸ ਵਿੱਚ ਦਿਖਾਇਆ ਗਿਆ ਕਿ ਮੁਸਲਿਮ ਮਰਦ ਹਿੰਦੂ ਔਰਤਾਂ ਨੂੰ ਇਸਲਾਮ ਵਿੱਚ ਬਦਲਦੇ ਹਨ।ਇਸ ਤੋਂ ਪਹਿਲਾਂ ਮਾਰਚ ਵਿੱਚ, ਹੈਦਰਾਬਾਦ ਵਿੱਚ ਹਿੰਦੂ ਤਿਉਹਾਰ ਰਾਮ ਨੌਮੀ ਦੇ ਜਲੂਸ ਦੌਰਾਨ, ਉਸਨੇ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ, ਭਾਰਤ ਨੂੰ ਇੱਕ ਏਕੀਕ੍ਰਿਤ ਹਿੰਦੂ ਰਾਜ (ਅਖੰਡ ਹਿੰਦੂ ਰਾਸ਼ਟਰ) ਬਣਾਉਣ ਦਾ ਸੱਦਾ ਦਿੱਤਾ।

BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh


Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"

Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com


Best Rates
ਵਿਆਹ ਦੇ ਕਾਰਡ
Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ,
ਲਫਾਫੇ, ਇਨਵੋਏਸਿਸ,
ਇਸ਼ਤਿਹਾਰ, ਫੋਲਡਿੰਗ, ਸਟਿਚਿੰਗ,
ਨੰਬਰਿੰਗ, ਰਬਰ ਸਟੈਂਪਸ, ਰਸੀਦ
ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ
ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ
ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਸਰੀ ਦੀਆਂ ਕਈ ਸਮਾਜਿਕ ਜਥੇਬੰਦੀਆਂ ਵੱਲੋਂ ਪਹਿਲਵਾਨ ਕੁੜੀਆਂ ਦੇ ਹੱਕ ਵਿਚ ਰੈਲੀ

ਸਰੀ, (ਹਰਦਮ ਮਾਨ)- ਸਰੀ ਸ਼ਹਿਰ ਦੀਆਂ ਕਈ ਸਮਾਜਿਕ ਜਥੇਬੰਦੀਆਂ ਵੱਲੋਂ ਭਾਰਤ ਦੀਆਂ ਪਹਿਲਵਾਨ ਕੁੜੀਆਂ ਦੇ ਹੱਕ ਵਿਚ ਅੱਜ ਬੀਅਰ ਕਰੀਕ ਪਾਰਕ ਸਰੀ ਦੇ ਨੇੜੇ ਕਿੰਗ ਜਾਰਜ ਸਟਰੀਟ ਅਤੇ 88 ਐਵੀਨਿਊ ਦੇ ਕੋਨੇ ‘ਤੇ ਰੈਲੀ ਕੀਤੀ ਜਿਸ ਵਿਚ ਮੋਦੀ ਸਰਕਾਰ ਦੀ ਸਖਤ ਨਿਖੇਧੀ ਕਰਦਿਆਂ ਭਾਜਪਾ ਦੇ ਐਮ.ਪੀ. ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰ ਕੇ ਮੁਕੱਦਮਾ ਚਲਾਉਣ ਅਤੇ ਭਾਰਤ ਵਿਚ ਔਰਤਾਂ ਲਈ ਆਜ਼ਾਦ ਮਾਹੌਲ ਪ੍ਰਦਾਨ ਕਰਨ ਦੀ ਮੰਗ ਕੀਤੀ ਗਈ। ਸਾਊਥ ਏਸ਼ੀਅਨ ਪ੍ਰੋਗਰੈਸਿਵ ਨਾਰੀ ਐਸੋਸੀਏਸ਼ਨ ਦੇ ਸੱਦੇ ‘ਤੇ ਇਸ ਰੈਲੀ ਵਿਚ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ, ਈਸਟ ਇੰਡੀਅਨ ਡਿਫੈਂਸ ਕਮੇਟੀ, ਸ਼ਹੀਦ ਭਗਤ ਸਿੰਘ ਮੈਮੋਰੀਅਲ ਸੁਸਾਇਟੀ ਅਤੇ ਪ੍ਰੋਗਰੈਸਿਵ ਆਰਟਸ ਕਲੱਬ ਦੇ ਪ੍ਰਤੀਨਿਧ ਅਤੇ ਕਈ ਵਿਦਵਾਨ, ਲੇਖਕ ਸ਼ਾਮਲ ਹੋਏ। ਇਸ ਮੌਕੇ ਬੋਲਦਿਆਂ ਸਾਊਥ ਏਸ਼ੀਅਨ ਪ੍ਰੋਗਰੈਸਿਵ ਨਾਰੀ ਐਸੋਸੀਏਸ਼ਨ ਦੀ ਆਗੂ ਪਰਮਿੰਦਰ ਸਵੈਚ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਕਿੰਨੀ ਸ਼ਰਮਨਾਕ ਗੱਲ ਹੈ ਕਿ ਭਾਰਤ ਨੂੰ ਖੇਡਾਂ ਵਿਚ ਵਡੇਰਾ ਮਾਣ ਦੁਆਉਣ ਅਤੇ ਭਾਰਤ ਦਾ ਨਾਂ ਦੁਨੀਆਂ ਵਿਚ ਰੌਸ਼ਨ ਕਰਨ ਵਾਲੀਆਂ ਪਹਿਲਵਾਨ ਕੁੜੀਆਂ ਨੂੰ ਸੜਕਾਂ ਤੇ ਘਸੀਟ ਕੇ ਬੇਇੱਜ਼ਤ ਕੀਤਾ ਜਾ ਰਿਹਾ ਹੈ। ਉਨ੍ਹਾਂ ਭਾਰਤ ਦੀ ਤਾਨਾਸ਼ਾਹ ਅਤੇ ਫਾਸ਼ੀਵਾਦੀ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੀੜਤ ਕੁੜੀਆਂ ਨੂੰ ਇਨਸਾਫ ਦੁਆਉਣ ਲਈ ਉਨ੍ਹਾਂ ਦਾ ਸਾਥ ਦਿੱਤਾ ਜਾਵੇਗਾ। ਪਹਿਲਵਾਨ ਕੁੜੀਆਂ ਦੇ ਸੰਘਰਸ਼ ਵਿਚ ਸ਼ਮੂਲੀਅਤ ਕਰ ਕੇ ਕੈਨੇਡਾ ਪੁੱਜੇ ਸੁਰਿੰਦਰ ਗਿੱਲ ਜੈਪਾਲ ਨੇ ਕਿਹਾ ਕਿ ਬੇਹੱਦ ਦੁੱਖ ਦੀ ਗੱਲ ਹੈ ਕਿ ਅਨੇਕਾਂ ਸਮਾਜਿਕ ਅਤੇ ਘਰੇਲੂ ਤੰਦਾਂ ਨੂੰ ਤੋੜ ਕੇ ਅੱਗੇ ਵਧੀਆਂ ਪਹਿਲਵਾਨ ਕੁੜੀਆਂ ਨੂੰ ਇਨਸਾਫ ਦੇਣ ਦੀ ਬਜਾਏ ਮੋਦੀ ਸਰਕਾਰ ਮੁਜਰਿਮ ਨੂੰ ਆਪਣੀ ਗੋਦੀ ਵਿਚ ਬਿਠਾਈ ਬੈਠੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਇਨ੍ਹਾਂ ਲੜਕੀਆਂ ਦੇ ਕੀਤੇ ਜਾ ਰਹੇ ਸ਼ੋਸ਼ਣ ਦਾ ਦੋ ਸਾਲ ਤੋਂ ਪਤਾ ਹੋਣ ਦੇ ਬਾਵਜੂਦ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਭਾਰਤ ਲਈ ਇਸ ਤੋਂ ਵੱਡੀ ਨਮੋਸ਼ੀ ਦੀ ਗੱਲ ਕੀ ਹੋਵੇਗੀ ਕਿ ਵਿਸ਼ਵ ਸਿਹਤ ਸੰਸਥਾ ਵੀ ਕਹਿ ਚੁੱਕੀ ਹੈ ਕਿ ਔਰਤਾਂ ਦੇ ਰਹਿਣ ਲਈ ਭਾਰਤ ਸਭ ਤੋਂ ਮਾੜਾ ਦੇਸ਼ ਹੈ। ਉਨ੍ਹਾਂ ਯਾਦ ਕਰਾਇਆ ਕਿ ਅਸੀਂ ਪਹਿਲਾਂ ਕਿਸਾਨ ਅੰਦੋਲਨ ਰਾਹੀਂ ਰੋਟੀ ਦਾ ਸੰਘਰਸ਼ ਲੜ ਚੁੱਕੇ ਹਾਂ ਅਤੇ ਹੁਣ ਔਰਤਾਂ ਦੇ ਸਨਮਾਨ ਦੀ ਇਹ ਲੜਾਈ ਵੀ ਸਾਨੂੰ ਹਰੇਕ ਥਾਂ ਲੜਨੀ ਪੈਣੀ ਹੈ। ਈਸਟ ਇੰਡੀਆ ਡਿਫੈਂਸ ਕਮੇਟੀ ਦੇ ਆਗੂ ਹਰਭਜਨ ਚੀਮਾ ਨੇ ਕਿ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਦਮਨ ਵਿਰੁੱਧ ਸੰਸਾਰ ਭਰ ਵਿਚ ਆਵਾਜ਼ ਬੁਲੰਦ ਕਰਨ ਦੀ ਗੱਲ ਕਹੀ। ਪ੍ਰੋ. ਜੈਪਾਲ ਨੇ ਅਫਸੋਸ ਪ੍ਰਗਟ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਭ ਕੁਝ ਜਾਣਦੇ ਹੋਏ ਵੀ ਚੁੱਪ ਧਾਰੀ ਬੈਠੇ ਹਨ ਅਤੇ ਦੋਸ਼ੀ ਨੂੰ ਬੁੱਕਲ ਵਿਚ ਲਈ ਬੈਠੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਅਨਿਆਂ ਅਤੇ ਧੱਕੇਸ਼ਾਹੀ ਵਿਰੁੱਧ ਰਾਜਨੀਤਕ ਤੌਰ ‘ਤੇ ਜੋ ਆਵਾਜ਼



ਉੱਠਣੀ ਚਾਹੀਦੀ ਸੀ ਉਹ ਵੀ ਨਹੀਂ ਉੱਠੀ ਜਦੋਂ ਕਿ ਇਹ ਮਸਲਾ ਲੋਕਾਂ ਦੀ ਅਣਖ ਨਾਲ ਹੋਇਆ ਇਕ ਬੱਜਰ ਗੁਨਾਹ ਹੈ। ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਦੇ ਪ੍ਰਧਾਨ ਅਵਤਾਰ ਗਿੱਲ ਨੇ ਕਿਹਾ ਕਿ ਪਹਿਲਵਾਨ ਲੜਕੀਆਂ ਦਾ ਮਸਲਾ ਔਰਤਾਂ ਦੀ ਆਬਰੂ ਅਤੇ ਆਜ਼ਾਦੀ ਦਾ ਸਵਾਲ ਹੈ ਪਰ ਮੋਦੀ ਸਰਕਾਰ ਇਸ ਉੱਪਰ ਚੁੱਪ ਧਾਰਨ ਕਰੀ ਬੈਠੀ ਹੈ ਜੋ ਕਿ ਬਹੁਤ ਹੀ ਘਿਨਾਉਣਾ ਵਤੀਰਾ ਹੈ। ਉਨ੍ਹਾਂ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਕਿ ਜਮਹੂਰੀ ਹੱਕਾਂ ‘ਤੇ ਪਹਿਰਾ ਦਿੰਦਿਆਂ ਔਰਤਾਂ ਨਾਲ ਧੱਕਾ ਹੋਣ ਦਾ ਮਸਲਾ ਭਾਰਤ ਸਰਕਾਰ ਕੋਲ ਉਠਾਇਆ ਜਾਵੇ। ਸ਼ਹੀਦ ਭਗਤ ਸਿੰਘ ਮੈਮੋਰੀਅਲ ਸੁਸਾਇਟੀ ਦੇ ਪ੍ਰਧਾਨ ਡਾ. ਕ੍ਰਿਪਾਲ ਬੈਂਸ ਨੇ ਕਿਹਾ ਕਿ ਮੋਦੀ ਸਰਕਾਰ ਹਿੰਦੂ ਰਾਸ਼ਟਰ ਦੀ ਸਥਾਪਤੀ ਲਈ ਵੱਖ ਵੱਖ ਵਰਗਾਂ ਉੱਪਰ ਚੁਣ ਚੁਣ ਕੇ ਹਮਲੇ ਕਰ ਰਹੀ ਹੈ। ਸਾਨੂੰ ਇਹ ਭਰਮ ਮਨ ‘ਚੋਂ ਕੱਢ ਦੇਣਾ ਚਾਹੀਦਾ ਹੈ ਕਿ ਇਸ ਅੱਗ ਦਾ ਸੇਕ ਸਾਡੇ ਤੀਕ ਨਹੀਂ ਪਹੁੰਗਾ ਜਦੋਂ ਕਿ ਸੱਚਾਈ ਇਹ ਹੈ ਕਿ ਇਕ ਨਾ ਇਕ ਦਿਨ ਇਹ ਅੱਗ ਹਰੇਕ ਭਾਰਤੀ ਨੂੰ ਆਪਣੀ ਲਪੇਟ ਵਿਚ ਲੈ ਲਵੇਗੀ। ਰੇਡੀਓ ਮੀਡੀਆ ਦੀ ਕਾਰਕੁੰਨ ਨਵਜੋਤ ਢਿੱਲੋਂ ਨੇ ਕਿਹਾ ਕਿ ਕਿਸੇ ਔਰਤ ਨਾਲ ਹੋਇਆ ਜਿਣਸੀ ਸ਼ੋਸ਼ਣ ਕੋਈ ਮਾਮੂਲੀ ਗੱਲ ਨਹੀਂ, ਇਸ ਨੂੰ ਕਦੇ ਵੀ ਮਿਟਾਇਆ ਨਹੀਂ ਜਾ ਸਕਦਾ ਅਤੇ ਪੀੜਤ ਔਰਤ ਇਸ ਦੁਖਾਂਤ ਨੂੰ ਉਮਰ ਭਰ ਭੋਗਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੁੜੀਆਂ ‘ਤੇ ਦਬਾਅ ਘਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਅਤੇ ਜਿੰਨਾ ਚਿਰ ਸਾਡੀ ਸੋਚ ਨਹੀਂ ਬਦਲਦੀ ਓਨਾ ਚਿਰ ਕਿਸੇ ਵੱਡੀ ਤਬਦੀਲੀ ਦੀ ਆਸ ਨਹੀਂ ਕੀਤੀ ਜਾ ਸਕਦੀ। ਨਵਜੋਤ ਢਿੱਲੋਂ ਨੇ ਸਥਾਨਕ ਪੰਜਾਬੀ ਮੀਡੀਆ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਮੋਦੀ ਮੀਡੀਆ, ਗੋਦੀ ਮੀਡੀਆ ਦੀਆਂ ਗੱਲਾਂ ਕਰਨ ਵਾਲੇ, ਸਰੀ ਵਿਚ ਵੱਡੀ ਗਿਣਤੀ ਵਿਚ ਅਖਬਾਰਾਂ, ਰੇਡੀਓ ਅਤੇ ਟੀਵੀ ਚੈਨਲਾਂ ਦੀਆਂ ਟਾਅਰਾਂ ਮਾਰਨ ਵਾਲੇ ਅੱਜ ਏਥੇ ਕਿਧਰੇ ਨਜ਼ਰ ਨਹੀਂ ਆ ਰਹੇ। ਨਾਮਵਰ ਵਿਦਵਾਨ ਡਾ. ਸਾਧੂ ਸਿੰਘ ਨੇ ਦੁੱਖ ਪ੍ਰਗਟ ਕੀਤਾ ਕਿ ਜਿੱਥੇ ਇਕ ਨਿੱਕੀ ਜਿਹੀ ਗੱਲ ‘ਤੇ ਐਫ. ਆਈ. ਆਰ. ਦਰਜ ਹੋ ਜਾਂਦੀ ਹੈ ਉੱਥੇ ਦੇਸ਼ ਦਾ ਮਾਣ ਸਨਮਾਨ ਉੱਚਾ ਕਰਨ ਵਾਲੀਆਂ ਪਹਿਲਵਾਨ ਕੁੜੀਆਂ ਨੂੰ ਐਫ. ਆਈ. ਆਰ. ਦਰਜ ਕਰਵਾਉਣ ਲਈ ਵੀ ਸੁਪਰੀਮ ਕੋਰਟ ਦਾ ਸਹਾਰਾ ਲੈਣਾ ਪਿਆ। ਉਨ੍ਹਾਂ ਕਿਹਾ ਕਿ ਦੇਸ਼ ਦੀ ਰਾਸ਼ਟਰਪਤੀ ਵੀ ਕਹਿ ਚੁੱਕੀ ਹੈ ਕਿ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਵੀ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਇਕ ਏਹੀ ਸਰਕਾਰ ਹੈ ਜਿਸ ਵਿਚ ਭਾਰਤੀ ਸੰਵਿਧਾਨ ਦਾ ਸਭ ਤੋਂ ਵੱਧ ਨਿਰਾਦਰ ਹੋ ਰਿਹਾ ਹੈ ਅਤੇ ਮੁਲਕ ਦੀ ਸਾਰੀ ਸੰਪਤੀ ਸਿਰਫ ਦੋ ਬੰਦਿਆਂ ਨੂੰ ਵੇਚ ਦਿੱਤੀ ਗਈ ਹੈ। ਪ੍ਰਸਿੱਧ ਸਾਹਿਤਕਾਰ ਡਾ. ਸਾਧੂ ਬਿਨਿੰਗ ਨੇ ਕਿ ਬੜਾ ਦੁਖਦਾਈ ਪਹਿਲੂ ਹੈ ਕਿ ਧਰਮ ਦੀ ਵਰਤੋਂ ਲੋਕਾਂ ਨੂੰ ਪਾੜਣ ਲਈ ਕੀਤੀ ਜਾ ਰਹੀ ਹੈ ਜੋ ਕਿ ਭਾਰਤ ਲਈ ਬੇਹੱਦ ਹਾਨੀਕਾਰਕ ਹੈ। ਉਨ੍ਹਾਂ ਕਿਹਾ ਕਿ ਔਰਤਾਂ ਦੇ ਸ਼ੋਸ਼ਣ ਦਾ ਮਸਲਾ ਸਿਰਫ ਔਰਤਾਂ ਦਾ ਮਸਲਾ ਨਹੀਂ ਸਗੋਂ ਸਾਰੇ ਭਾਰਤੀਆਂ ਦਾ ਮਸਲਾ ਹੈ। ਅੰਤ ਵਿਚ ਸਾਊਥ ਏਸ਼ੀਅਨ ਪ੍ਰੋਗਰੈਸਿਵ ਨਾਰੀ ਐਸੋਸੀਏਸ਼ਨ ਦੀ ਪ੍ਰਧਾਨ ਸ਼ਹਿਨਾਜ਼ ਨੇ ਭਾਰਤ ਦੀ ਸਰਕਾਰ ਨੂੰ ਪੇਸ਼ ਕੀਤੇ ਜਾਣ ਵਾਲੇ ਮੈਮੋਰੰਡਮ ਬਾਰੇ ਦੱਸਿਆ ਅਤੇ ਰੈਲੀ ਵਿਚ ਸ਼ਾਮਲ ਹੋਈਆਂ ਸਭਨਾਂ ਧਿਰਾਂ ਅਤੇ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

By Appointment Only

#202-12677-80AVE SURREY



CANRISE IMMIGRATION

www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ

ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE IMMIGRATION & SETTLEMENT

Ranjeet S. Sohi

Registered Canadian Immigration Consultant

ICCRC Membership # R422751

#223-8028 128 St. Surrey BC V3W4E9 (Little India Plaza)



UNI GLOBAL IMMIGRATION

Consulting Services Ltd.

Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7

E-mail: contactuniglobal@gmail.com

RCIC CRIC

# ਹਾਦਸਾ ਨਹੀਂ ਹੱਤਿਆ

ਓਡੀਸ਼ਾ ਦੇ ਬਾਲਾਸੌਰ ਵਿੱਚ ਰੇਲ ਹਾਦਸਾ 2 ਜੂਨ ਨੂੰ ਹੋਇਆ ਸੀ। ਏਨੇ ਦਿਨ ਲੰਘ ਜਾਣ ਦੇ ਬਾਵਜੂਦ ਮਰਨ ਵਾਲਿਆਂ ਦਾ ਸਹੀ ਅੰਕੜਾ ਉਪਲੱਬਧ ਨਹੀਂ ਹੋ ਸਕਿਆ। ਪਹਿਲਾਂ ਗਿਣਤੀ 288 ਦੱਸੀ ਗਈ ਸੀ ਤੇ ਹੁਣ 270 ਦੱਸੀ ਜਾ ਰਹੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਅੰਕੜੇ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਕੱਲੇ ਪੱਛਮੀ ਬੰਗਾਲ ਦੇ ਹੀ 61 ਵਿਅਕਤੀ ਮਾਰੇ ਗਏ ਤੇ 181 ਲਾਪਤਾ ਹਨ। ਉਂਜ ਵੀ ਅਜਿਹੀਆਂ ਦੁਰਘਟਨਾਵਾਂ ਨੂੰ ਲਿਪੀਬੱਧ ਕਰਨ ਵਾਲੇ ਇੱਕ ਪੱਤਰਕਾਰ ਦਾ ਦਾਅਵਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਦੁਗਣੀ ਵੀ ਹੋ ਸਕਦੀ ਹੈ, ਕਿਉਂਕਿ ਰੇਲਵੇ ਸ਼ੁਰੂ ਵਿੱਚ ਸਿਰਫ਼ ਰਿਜ਼ਰਵੇਸ਼ਨ ਵਾਲੇ ਯਾਤਰੀਆਂ ਦੇ ਅੰਕੜੇ ਹੀ ਪੇਸ਼ ਕਰਦਾ ਹੈ ਤੇ ਜਨਰਲ ਡੱਬੇ ਵਾਲੇ ਮਰਨ ਵਾਲਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਇਹ ਲੋਕ ਲਾਪਤਾ ਦੀ ਸ਼੍ਰੇਣੀ ਵਿੱਚ ਸ਼ਾਮਲ ਹੋ ਕੇ ਲਾਵਾਰਸ ਲਾਸ਼ਾਂ ਬਣ ਜਾਂਦੇ ਹਨ।

ਦੇਸ਼ ਦੇ ਇਤਿਹਾਸ ਵਿੱਚ ਇਹ ਹਾਦਸਾ ਇਸ ਕਾਰਨ ਵੱਡਾ ਹੈ ਕਿ ਇੱਕੋ ਵੇਲੇ ਤਿੰਨ ਰੇਲ ਗੱਡੀਆਂ ਟਕਰਾਅ ਗਈਆਂ ਸਨ। ਹੁਣ ਜਾਂਚ ਹੋਵੇਗੀ, ਜ਼ਿੰਮੇਵਾਰੀਆਂ ਤੈਅ ਕੀਤੀਆਂ ਜਾਣਗੀਆਂ ਤੇ ਕੁਝ ਅਫ਼ਸਰਾਂ ਤੇ ਕਰਮਚਾਰੀਆਂ ਉੱਤੇ ਕਾਰਵਾਈ ਹੋਵੇਗੀ। ਇਸ ਦੇ ਬਾਵਜੂਦ ਨਾ ਮੋਦੀ ਸਰਕਾਰ ਉੱਤੇ ਕੋਈ ਆਂਚ ਆਵੇਗੀ ਤੇ ਨਾ ਰੇਲ ਮੰਤਰੀ ਸਾਹਿਬ ਆਪਣੀ ਜ਼ਿੰਮੇਵਾਰੀ ਕਬੂਲਣਗੇ।

ਸੱਚ ਇਹ ਹੈ ਕਿ ਇਸ ਹਾਦਸੇ ਲਈ ਕੇਂਦਰੀ ਹਾਕਮਾਂ ਦੀ ਰੇਲਵੇ ਪ੍ਰਤੀ ਅਪਣਾਈ ਗਈ ਪਹੁੰਚ ਹੀ ਜ਼ਿੰਮੇਵਾਰ ਹੈ। ਮੋਦੀ ਰਾਜ ਦੇ ਪਿਛਲੇ 9 ਸਾਲਾਂ ਦੌਰਾਨ ਰੇਲਵੇ ਨਾਲ ਜੋ ਨਵੇਂ ਤੋਂ ਨਵੇਂ ਤਜਰਬੇ ਕੀਤੇ ਜਾ ਰਹੇ ਹਨ, ਇਸ ਹਾਦਸੇ ਦੇ ਬੀਜ ਉਸ ਵਿੱਚ ਛੁਪੇ ਹੋਏ ਹਨ। ਪਹਿਲਾਂ ਰੇਲਵੇ ਦਾ ਵੱਖਰਾ ਬਜਟ ਪੇਸ਼ ਹੁੰਦਾ ਸੀ। ਇਸ ਬਜਟ ਦੀ ਤਿਆਰੀ ਵਿੱਚ ਭਵਿੱਖ ਦੀਆਂ ਯੋਜਨਾਵਾਂ ਬਣਦੀਆਂ ਸਨ। ਮੋਦੀ ਨੇ ਆਉਂਦਿਆਂ ਹੀ ਇੱਕੋ ਝਟਕੇ ਨਾਲ ਰੇਲ ਮੰਤਰਾਲੇ ਦੇ ਬਜਟ ਨੂੰ ਖ਼ਤਮ ਕਰਕੇ ਆਮ ਬਜਟ ਵਿੱਚ ਮਿਲਾ ਦਿੱਤਾ। ਫਿਰ ਰੇਲਵੇ ਦੇ ਨਿੱਜੀਕਰਨ ਦੀ ਖੇਡ ਸ਼ੁਰੂ ਕਰ ਦਿੱਤੀ ਗਈ। ਜਦੋਂ ਕੋਈ ਚੀਜ਼ ਵੇਚਣੀ ਹੋਵੇ ਤਾਂ ਉਸ ਦੀ ਪੈਕਿੰਗ ਤੇ ਸਜਾਵਟ ਉੱਤੇ ਧਿਆਨ ਦਿੱਤਾ ਜਾਂਦਾ ਹੈ। ਇਨ੍ਹਾਂ 9 ਸਾਲਾਂ ਦੌਰਾਨ ਸਾਰਾ ਜ਼ੋਰ ਡੱਬਿਆਂ ਨੂੰ ਅੰਦਰੋਂ ਸਜਾਉਣ ਅਤੇ ਸਟੇਸ਼ਨਾਂ ਨੂੰ ਪੰਜ ਤਾਰਾ ਹੋਟਲਾਂ ਵਰਗਾ ਬਣਾਉਣ ਉੱਤੇ ਲਾਇਆ ਗਿਆ। ਯਾਤਰੀਆਂ ਦੀ ਸੁਰੱਖਿਆ ਤਾਂ ਮੋਦੀ ਦੇ ਏਜੰਡੇ ਵਿੱਚ ਹੀ ਨਹੀਂ ਸੀ।

ਇਸ ਸਮੇਂ ਰੇਲਵੇ ਕਰਮਚਾਰੀਆਂ ਦੀ ਘਾਟ ਨਾਲ ਜੂਝ ਰਿਹਾ ਹੈ। ਨਾਨ-ਗਜ਼ਟਿਡ ਕਰਮਚਾਰੀਆਂ ਦੀਆਂ 3.12 ਲੱਖ ਅਸਾਮੀਆਂ ਖਾਲੀ ਹਨ। ਗਜ਼ਟਿਡ ਕਰਮਚਾਰੀਆਂ ਦੇ 3018 ਅਹੁਦੇ ਖਾਲੀ ਹਨ। ਕਿਰਤ ਸ਼ਕਤੀ ਦੀ ਘਾਟ ਕਾਰਨ ਡਰਾਈਵਰਾਂ ਨੂੰ 12 ਘੰਟੇ ਤੋਂ ਵੀ ਵੱਧ ਕੰਮ ਕਰਨਾ ਪੈਂਦਾ ਹੈ। ਕਈ ਵਾਰ ਡਰਾਈਵਰਾਂ ਨੂੰ ਛੁੱਟੀ ਤੇ ਅਰਾਮ ’ਤੇ ਇੱਥੋਂ ਤੱਕ ਕਿ ਬਾਥਰੂਮ ਜਾਣ ਲਈ ਵੀ ਸਮਾਂ ਨਹੀਂ ਦਿੱਤਾ ਜਾਂਦਾ। ਵਿੱਤੀ ਵਰ੍ਹੇ 22-23 ਵਿੱਚ ਰੇਲਵੇ ਨੇ 2.40 ਲੱਖ ਕਰੋੜ ਦਾ ਰਿਕਾਰਡ ਮਾਲੀਆ ਕਮਾਇਆ ਸੀ, ਇਸ ਦੇ ਬਾਵਜੂਦ ਖਾਲੀ ਅਹੁਦੇ ਭਰੇ ਨਹੀਂ ਗਏ।

ਇਸ ਦੇ ਉਲਟ ਰੇਲ ਗੱਡੀਆਂ ਦੀ ਗਿਣਤੀ ਲਗਾਤਾਰ ਵਧਾਈ ਜਾਂਦੀ ਰਹੀ ਹੈ। ਸਰਕਾਰ ਨੇ 2024 ਦੀਆਂ ਲੋਕ ਸਭਾ ਚੋਣਾਂ ਤੱਕ 200 ‘ਵੰਦੇ ਭਾਰਤ’ ਰੇਲ ਗੱਡੀਆਂ ਚਲਾਉਣ ਦਾ ਨਿਸ਼ਾਨਾ ਰੱਖਿਆ ਹੈ। ਕੋਚ ਸਮਰੱਥਾ ਘੱਟ ਹੋਣ ਕਰਕੇ ਇਸ ਨਿਸ਼ਾਨੇ ਦੀ ਪੂਰਤੀ ਲਈ 16 ਦੀ ਥਾਂ 8 ਕੋਚ ਵਾਲੀਆਂ ਗੱਡੀਆਂ ਚਲਾਈਆਂ ਜਾ ਰਹੀਆਂ ਹਨ। ਮੁੱਖ ਮਕਸਦ ਤਾਂ ਝੰਡੀ ਦਿਖਾ ਕੇ ਮਾਅਰਕੇਬਾਜ਼ੀ ਕਰਨਾ ਹੈ। ਇਸ ਤੋਂ ਇਲਾਵਾ 500 ਰੇਲ ਗੱਡੀਆਂ ਦੀ ਰਫ਼ਤਾਰ ਵਧਾਈ ਗਈ ਹੈ, ਜਦੋਂ ਕਿ ਰੇਲ ਲਾਈਨਾਂ ਨੂੰ ਇਸ ਅਨੁਸਾਰ ਅੱਪਗਰੇਡ ਨਹੀਂ ਕੀਤਾ ਗਿਆ।

ਇਸ ਹਾਦਸੇ ਬਾਰੇ ਰੇਲ ਮੰਤਰੀ ਨੇ ਐਤਵਾਰ ਨੂੰ ਕਿਹਾ ਸੀ ਕਿ ਇਹ ਇਲੈਕਟ੍ਰਾਨਿਕ ਇੰਟਰਲਾਕਿੰਗ ਵਿੱਚ ਤਬਦੀਲੀ ਕਾਰਨ ਵਾਪਰਿਆ ਸੀ। ਹਕੀਕਤ ਇਹ ਹੈ ਕਿ ਦੱਖਣ-ਪੱਛਮ ਰੇਲਵੇ ਜ਼ੋਨ ਦੇ ਮੁੱਖ ਪ੍ਰਬੰਧਕ (ਆਵਾਜਾਈ) ਨੇ ਬੀਤੀ 9 ਫਰਵਰੀ ਨੂੰ ਉੱਚ ਅਧਿਕਾਰੀਆਂ ਨੂੰ ਇੱਕ ਪੱਤਰ ਭੇਜ ਕੇ ਕਿਹਾ ਸੀ ਕਿ ਇਸ ਸਿਸਟਮ ਦੇ ਫੇਲ੍ਹ ਹੋਣ ਕਾਰਨ ‘ਸੰਪਰਕ ਕਰਾਂਤੀ’ ਹਾਦਸੇ ਦਾ ਸ਼ਿਕਾਰ ਹੋਣ ਤੋਂ ਵਾਲ-ਵਾਲ ਬਚੀ ਸੀ। ਇਸ ਦੇ ਬਾਵਜੂਦ ਉਸ ਵੱਲੋਂ ਪੇਸ਼ ਕੀਤੀ ਚਿਤਾਵਨੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਦੇ ਨਾਲ ਹੀ ਕਵੱਚ ਬਚਾਅ ਪ੍ਰਣਾਲੀ, ਜਿਸ ਦਾ ਰੇਲ ਮੰਤਰੀ ਨੇ ਆਪ ਇੰਜਣ ਵਿੱਚ ਖੜ੍ਹ ਕੇ ਪ੍ਰਚਾਰ ਕੀਤਾ ਸੀ, ਨੂੰ ਕੁੱਲ 68000 ਕਿਲੋਮੀਟਰ ਰੇਲਵੇ ਦੇ ਸਿਰਫ਼ 2.13 ਫ਼ੀਸਦੀ ਹਿੱਸੇ ਵਿੱਚ ਹੀ ਸਥਾਪਤ ਕੀਤਾ ਜਾ ਸਕਿਆ ਹੈ। ਅਸਲ ਵਿੱਚ ਇਸ ਦੁਰਘਟਨਾ ਪਿੱਛੇ ਹਾਕਮਾਂ ਵੱਲੋਂ ਰੇਲਵੇ ਤੋਂ ਸਿਆਸੀ ਲਾਭ ਲੈਣ ਦੀਆਂ ਕੋਸ਼ਿਸ਼ਾਂ ਜ਼ਿੰਮੇਵਾਰ ਹਨ। ਪਹਿਲਾਂ ‘ਬੁਲਟ ਟਰੇਨ’ ਦਾ ਸ਼ਗੂਫਾ ਤੇ ਹੁਣ ‘ਵੰਦੇ ਭਾਰਤ’ ਟਰੇਨਾਂ ਨੂੰ ਝੰਡੀ ਦਿਖਾਉਣ ਦੀ ਹੋੜ ਨਾ ਰੇਲਵੇ ਦਾ ਵਿਕਾਸ ਕਰ ਰਹੀ ਹੈ ਤੇ ਨਾ ਰੇਲ ਯਾਤਰੀਆਂ ਦੀਆਂ ਲੋੜਾਂ ਦੀ ਪੂਰਤੀ ਕਰ ਰਹੀ ਹੈ। ਇਹ ਤਾਂ ਇੱਕ ਸਨਕੀ ਹਾਕਮ ਦੇ ਹਉਮੈਂ ਦੀ ਪੂਰਤੀ ਹੈ, ਜਿਹੜੀ ਅਜਿਹੀਆਂ ਦੁਰਘਟਨਾਵਾਂ ਨੂੰ ਸੱਦਾ ਦੇ ਦਿੰਦੀ ਹੈ। ਇਹ ਹਾਦਸਾ ਨਹੀਂ, ਹੱਤਿਆ ਹੈ।

**--ਚੰਦ ਫਤਿਹਪੁਰੀ**

# ਕੈਲੀਫੋਰਨੀਆ ਸੈਨੇਟ ਵੱਲੋਂ ਸਿੱਖਾਂ ਨੂੰ ਸੁਰੱਖਿਆ ਹੈਲਮੇਟ ਪਹਿਣਨ ਤੋਂ ਛੋਟ ਦੇਣ ਵਾਲੇ ਬਿੱਲ ਨੂੰ ਮਨਜ਼ੂਰੀ



ਸੈਕਰਾਮੈਂਟੋ- ਕੈਲੀਫੋਰਨੀਆ ਦੀ ਸੈਨੇਟ ਨੇ ਮੋਟਰਸਾਈਕਲ ਚਲਾਉਂਦੇ ਸਮੇਂ ਸਿੱਖਾਂ ਨੂੰ ਸੁਰੱਖਿਆ ਹੈਲਮੇਟ ਪਹਿਣਨ ਤੋਂ ਛੋਟ ਦੇਣ ਵਾਲੇ ਬਿਲ ਨੂੰ ਮਨਜ਼ੂਰੀ ਦੇ ਦਿੱਤੀ ਹੈ। 2021 ਦੇ ਅਮਰੀਕੀ ਸਮੂਦਾਇਕ ਸਰਵੇਖਣ ਦੇ ਅਨੁਮਾਨ ਮੁਤਾਬਕ 2,11,000 ਸਿੱਖ ਕੈਲੀਫੋਰਨੀਆ ਵਿਚ ਰਹਿੰਦੇ ਹਨ, ਜੋ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਸਿੱਖਾਂ ਦੀ ਲਗਭਗ ਅੱਧੀ ਗਿਣਤੀ ਹੈ। ਸੈਨੇਟਰ ਬ੍ਰਾਇਨ ਡਾਹਲੇ ਦੁਆਰਾ ਲਿਖੇ ਗਏ ਸੈਨੇਟ ਬਿੱਲ ਨੂੰ ਇਸ ਹਫ਼ਤੇ ਰਾਜ ਦੀ ਸੈਨੇਟ ਦੁਆਰਾ 21-8 ਵੋਟਾਂ ਨਾਲ ਮਨਜ਼ੂਰੀ ਦਿੱਤੀ ਗਈ ਅਤੇ ਹੁਣ ਇਹ ਵਿਧਾਨ ਸਭਾ ਵਿਚ ਜਾਵੇਗਾ। ਡੈਹਲੇ ਨੇ ਸੈਨੇਟ ਵਿਚ ਬਿੱਲ ਪੇਸ਼ ਕੀਤੇ ਜਾਣ ਤੋਂ ਬਾਅਦ ਇੱਕ ਬਿਆਨ ਵਿਚ ਕਿਹਾ ਕਿ ”ਧਰਮ ਦੀ ਆਜ਼ਾਦੀ ਇਸ ਦੇਸ਼ ਦੀ ਇੱਕ ਮੁੱਖ ਨੀਂਹ ਹੈ।”ਉਸ ਨੇ ਕਿਹਾ ਕਿ ‘ਅਮਰੀਕੀ ਹੋਣ ਦੇ ਨਾਤੇ ਸਾਡੇ ਕੋਲ ਆਪਣੇ ਧਰਮ ਨੂੰ ਸੁਤੰਤਰ ਤੌਰ ‘ਤੇ ਪ੍ਰਗਟਾਉਣ ਦਾ ਅਧਿਕਾਰ ਹੈ ਅਤੇ ਮੇਰਾ ਮੰਨਣਾ ਹੈ ਕਿ ਇਹ ਅਧਿਕਾਰ ਸਾਰਿਆਂ ਨੂੰ ਬਰਾਬਰ ਹੋਣਾ ਚਾਹੀਦਾ ਹੈ। ਉਸਨੇ ਕਿਹਾ ਕਿ ਪੱਗ ਜਾਂ ਪਟਕਾ ਪਹਿਨਣ ਵਾਲਿਆਂ ਨੂੰ ਹੈਲਮੇਟ ਪਹਿਨਣ ਤੋਂ ਛੋਟ ਦੇਣਾ ਇਹ ਯਕੀਨੀ ਬਣਾਉਣ ਦਾ ਇੱਕ ਆਸਾਨ ਤਰੀਕਾ ਹੈ ਕਿ ਹਰ ਕਿਸੇ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਕੀਤੀ ਜਾਵੇ। ਸਟੇਟ ਸੈਨੇਟ ਨੂੰ ਦੱਸਿਆ ਗਿਆ ਕਿ ਅਜੇ ਤੱਕ ਬਜ਼ਾਰ ਵਿਚ ਅਜਿਹਾ ਕੋਈ ਹੈਲਮੇਟ ਉਪਲਬਧ ਨਹੀਂ ਹੈ, ਜਿਸ ਵਿਚ ਪੱਗ ਜਾਂ ਪਟਕਾ ਹੋਵੇ, ਪਰ ਸਿੱਖ ਭਾਈਚਾਰੇ ਦੇ ਮੈਂਬਰਾਂ ਅਨੁਸਾਰ ਦਸਤਾਰ ਇੱਕ ਚੰਗੀ ਸੁਰੱਖਿਆ ਹੈ। ਵਰਤਮਾਨ ਵਿਚ 18 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਵਿਚ ਸਾਰੇ ਸਵਾਰੀਆਂ ਲਈ ਇੱਕ ਯੂਨੀਵਰਸਲ ਹੈਲਮੇਟ ਕਾਨੂੰਨ ਹੈ। 29 ਰਾਜਾਂ ਵਿਚ ਖਾਸ ਸਵਾਰੀਆਂ ਲਈ ਇੱਕ ਨਿਸ਼ਚਿਤ ਉਮਰ (18 ਜਾਂ 21) ਤੋਂ ਬਾਅਦ ਹੈਲਮੇਟ ਦੀ ਲੋੜ ਹੁੰਦੀ ਹੈ। ਸਿਰਫ਼ ਇਲੀਨੋਇਸ, ਆਇਓਵਾ ਅਤੇ ਨਿਊ ਹੈਂਪਸ਼ਾਇਰ ਵਿਚ ਮੋਟਰਸਾਈਕਲ ਹੈਲਮੇਟ ਕਾਨੂੰਨ ਨਹੀਂ ਹਨ।



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# 6 ਜੂਨ ਘੱਲੂਘਾਰਾ ਦਿਵਸ ਵੱਡੀ ਗਿਣਤੀ ਵਿੱਚ ਸਿੱਖ ਜਥੇਬੰਦੀਆ ਸ਼ਾਮਲ ਹੋਈਆਂ



ਅੰਮ੍ਰਿਤਸਰ:ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਦਿੱਲੀ ਦਰਬਾਰ ਦਾ ਫੌਜੀ ਹਮਲਾ ਸਾਡੇ ਸਮਿਆਂ ਵਿਚ ਵਾਪਰੇ ਘੱਲੂਘਾਰੇ ਦੀ ਸ਼ੁਰੂਆਤ ਸੀ। ਘੱਲੂਘਾਰੇ ਦੇ ਇਹ ਦਿਹਾੜੇ ਸਿੱਖਾਂ ਲਈ ਬਹੁਤ ਅਹਿਮ ਹਨ। ਸ੍ਰੀ ਅਕਾਲ ਤਖਤ ਸਾਹਿਬ ਉੱਤੇ ਚੜ੍ਹ ਆਈਆਂ ਬਿਪਰ ਦੀਆਂ ਫੌਜਾਂ ਦਾ ਟਾਕਰਾ ਜਿਸ ਸਿਦਕ ਤੇ ਸੂਰਮਗਤੀ ਨਾਲ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਤੇ ਉਹਨਾ ਦੇ ਗਿਣਤੀ ਦੇ ਜੁਝਾਰੂ ਯੋਧਿਆਂ ਨੇ ਕੀਤਾ ਉਹ ਖਾਲਸਾਈ ਜੰਗ ਦੀ ਬੁਲੰਦੀ ਦੀ ਹਾਲੀਆ ਇਤਿਹਾਸ ਵਿਚ ਦਰਜ਼ ਹੋਈ ਵੱਡੀ ਗਵਾਹੀ ਹੈ। ਇਹਨਾ ਸੂਰਬੀਰ ਯੋਧਿਆਂ ਨੇ ਜਿਵੇਂ ਗੁਰੂ ਦਰ ਉੱਤੇ ਆਪਾ ਨਿਸ਼ਾਵਰ ਕਰਕੇ ਸ਼ਹੀਦੀ ਰੁਤਬੇ ਹਾਸਿਲ ਕੀਤੇ, ਉਹ ਸਾਡੇ ਲਈ ਸਦਾ ਪ੍ਰੇਰਣਾ ਦਾ ਸੋਮਾ ਰਹੇਗਾ।

ਘੱਲੂਘਾਰੇ ਦੀ ਯਾਦ ਨੂੰ ਸਿੱਖਾਂ ਦੇ ਮਨਾਂ ਵਿਚ ਮਿਟਾ ਦੇਣ ਜਾਂ ਧੁੰਧਲਾ ਕਰਨ ਲਈ ਸਮੇਂ ਦੀਆਂ ਹਕੂਮਤਾਂ ਨੇ ਬਹੁਤ ਜ਼ੋਰ ਲਾਇਆ ਪਰ ਸਿੱਖ ਸਮੂਹਿਕ ਯਾਦ ਵਿਚ ਇਸ ਦਿਹਾੜੇ ਦੀ ਛਾਪ ਗੂੜ੍ਹੀ ਹੀ ਹੁੰਦੀ ਗਈ ਹੈ। ਸਿੱਖਾਂ ਨੇ ਸਰਕਾਰੀ ਬਿਰਤਾਂਤਾਂ ਨੂੰ ਨਕਾਰ ਕੇ ਆਪਣੀ ਪਰੰਪਰਾ ਵਿਚੋਂ ਇਹਨਾ ਦਿਨਾਂ ਨੂੰ “ਘੱਲੂਘਾਰਾ ਹਫਤੇ” ਵੱਜੋਂ ਮਨਾਉਣ ਦਾ ਰਾਹ ਅਪਨਾਅ ਲਿਆ ਹੈ।

ਲੰਘੇ ਦਿਨ (6 ਜੂਨ ਨੂੰ) ਸਿੱਖ ਸੰਗਤਾਂ ਤੇ ਵੱਖ-ਵੱਖ ਜਥਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ਼ਹੀਦਾਂ ਨਮਿਤ ਅਰਦਾਸ ਵਿੱਚ ਸ਼ਮੂਲੀਅਤ ਕੀਤੀ। ਸੰਗਤ ਪੂਰੀ ਭਾਵਨਾ ਅਤੇ ਸ਼ਰਧਾ ਨਾਲ ਸਮਾਗਮ ਵਿਚ ਸ਼ਾਮਿਲ ਹੋਈ ਸੀ।ਅਫਸੋਸ ਕਿ ਅਰਦਾਸ ਸਮਾਗਮ ਮੌਕੇ ਪ੍ਰਬੰਧਕੀ ਅਦਾਰੇ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਮੁਲਾਜਮ ਅਤੇ ਪੁਲਿਸ ਪ੍ਰਸ਼ਾਸਨ ਇਕ-ਮਿਕ ਹੋਏ ਨਜ਼ਰ ਆ ਰਹੇ ਸਨ। ਚਿੱਟ-ਕਪੜੀਏ ਪੁਲਿਸ ਦੀ ਓਥੇ ਵਧਵੀਂ ਨਕਲੋ-ਹਰਕਤ ਸੀ। ਸਰਕਾਰ ਤਾਂ ਘੱਲੂਘਾਰੇ ਯਾਦ ਨੂੰ ਸਹਿਜ ਰੂਪ ਵਿਚ ਸਿੱਖ ਯਾਦ ਵਿਚ ਸਥਾਪਿਤ ਹੋ ਜਾਣ ਦੇ ਵਿਚਾਰ ਤੋਂ ਭੈਭੀਤ ਹੈ ਪਰ ਪ੍ਰਬੰਧਕ ਵੀ ਇਸ ਸਮਾਗਮ ਨੂੰ ਸਮੁੱਚੇ ਖਾਲਸਾ ਪੰਥ ਦਾ ਸਾਂਝਾ ਸਮਾਗਮ ਤੇ ਪ੍ਰੇਰਣਾ ਦਾ ਸੋਮਾ ਬਣਾਉਣ ਲਈ ਉੱਦਮ ਕਰਨ ਦੀ ਬਜਾਏ ਇਸ ਦੀ ਅਰਦਾਸ ਸਮਾਗਮ ਤੱਕ ਸੀਮਤ ਰੱਖ ਰਹੇ ਹਨ। ਪੰਥਕ ਹਿੱਸਿਆ ਸਮੇਤ ਸਿੱਖ ਸਫਾ ਵਿਚਲਾ ਅੰਦਰੂਨੀ ਖਿੰਡਾਓ ਕਾਰਨ ਪ੍ਰਬੰਧਕਾਂ ਤੇ ਪੁਲਿਸ ਪ੍ਰਸ਼ਾਸਨ ਅਜਿਹਾ ਕਰਨ ਦੀ ਥਾਂ ਮਿਲ ਜਾਂਦੀ ਹੈ।ਅੱਜ ਦੇ ਸਮੇਂ ਇਹ ਲੋੜੀਂਦਾ ਹੈ ਕਿ ਸਿੱਖ ਅੰਦਰੂਨੀ ਸੰਵਾਦ ਰਾਹੀਂ ਆਪਸ ਵਿਚ ਵਿਸ਼ਵਾਸਯੋਗਤਾ ਵਧਾਉਣ ਅਤੇ ਆਪਣੇ ਇਤਿਹਾਸਕ ਦਿਹਾੜਿਆਂ ਨੂੰ ਖਾਲਸਾਈ ਜ਼ਬਤ ਨਾਲ ਸਾਂਝੇ ਰੂਪ ਵਿਚ ਮਨਾਉਣ ਤਾਂ ਕਿ ਇਹ ਦਿਹਾੜੇ ਭਵਿੱਖ ਵੱਲ ਸਾਂਝੀ ਪੇਸ਼ਕਦਮੀ ਲਈ ਸਾਡਾ ਪ੍ਰੇਰਣਾ ਸਰੋਤ ਬਣਨ।

# ਸਿਮਰਨਜੀਤ ਸਿੰਘ ਮਾਨ ਨੇ ਸਿੱਖਾਂ ਨੂੰ ਰਾਵੀ ਪਾਰ ਨਨਕਾਣਾ ਸਾਹਿਬ ਜਾਣ ਦਾ ਦਿੱਤਾ ਸੁਨੇਹਾ

ਅੰਮ੍ਰਿਤਸਰ (ਚਰਨਜੀਤ ਸਿੰਘ)ਜ 6 ਜੂਨ 1984 ਦੇ ਸਾਕਾ ਦਰਬਾਰ ਸਾਹਿਬ ਦੇ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਐਮ. ਪੀ. ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਸਮੇਂ ਦੀਆਂ ਸਰਕਾਰਾਂ ਹਮੇਸ਼ਾ ਸਿੱਖਾਂ ਨਾਲ ਧਰੋਹ ਕਮਾਉਂਦੀਆਂ ਰਹੀਆਂ ਹਨ।ਉਨਾਂ ਆਖਿਆ ਕਿ 4 ਦਹਾਕੇ ਬੀਤ ਜਾਣ ਤੇ ਬਾਅਦ ਵੀ ਕੌਮ ਇਨਸਾਫ਼ ਦੀ ਮੰਗ ਕਰ ਰਹੀ ਹੈ।ਪਰ ਇਨਸਾਫ ਕਦੇ ਵੀ ਮੰਗ ਕੇ  ਨਹੀਂ ਮਿਲਣਾ ਇਹ ਸਿੱਖਾਂ ਨੂੰ ਅਜ਼ਾਦ ਕੇ ਪ੍ਰਾਪਤ ਹੋਵੇਗਾ। ਉਨ੍ਹਾਂ ਨੇ ਆਖਿਆ ਕਿ ਸਿੱਖ ਰੋਜ਼ਾਨਾ ਅਰਦਾਸ ਕਰਦੇ ਹਨ ਅਤੇ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਆਖਿਆ ਕਿ ਪਾਕਿਸਤਾਨ ‘ਚ ਰਹਿ ਗਏ ਗੁਰਦੁਆਰਿਆਂ ਦੇ ਖੁੱਲੇ ਦਰਸ਼ਨ ਦੀਦਾਰ ਖ਼ਾਲਸਾ ਪੰਥ ਨੂੰ ਬਖਸ਼ੇ। ਉਨ੍ਹਾਂ ਆਖਿਆ ਕਿ ਸਾਨੂੰ ਰਾਵੀ ਪਾਰ ਕਰਕੇ ਸਿੰਧ ਪਾਕਿਸਤਾਨ ਗੁਰਦੁਆਰਿਆਂ ਦੇ ਦਰਸ਼ਨ ਕਰਨ ਜਾਣਾ ਚਾਹੀਦਾ ਹੈ ਕਿਸੇ ਸਰਕਾਰ ਦੀ ਹਿੰਮਤ ਨਹੀਂ ਸਾਨੂੰ ਰੋਕ ਸਕੇ।

ਉਨ੍ਹਾਂ ਇਸ ਸਮੇਂ ਸਿਖਾਂ ਦੀ ਅਜ਼ਾਦੀ ਦੀ ਮੰਗ ਨੂੰ ਦੁਹਰਾਇਆ ਜਿਸ ਸਮੇਂ ਸਿਮਰਨਜੀਤ ਸਿੰਘ ਮਾਨ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ ਇਕ ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਲਾਊਡ ਸਪੀਕਰ ਦੀ ਸਹੂਲਤ ਨਹੀਂ ਦਿੱਤੀ ਜਦੋਂ ਉਹ ਆਪਣੇ ਹੈਂਡ ਮਾਈਖ ਨਾਲ ਸੰਗਤਾਂ ਨੂੰ ਸੰਬੋਧਨ ਕਰਨ ਲੱਗਾ ਤਾਂ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਸਪੀਕਰਾਂ ਦੀ ਅਵਾਜ਼ ਵਧਾ ਦਿੱਤੀ ਗਈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



The Builder's Direct

Experienced & Honest


Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC

# ਰਾਹੁਲ ਗਾਂਧੀ, ਰਾਜਾ ਵੜਿੰਗ ਤੇ ਕਾਂਗਰਸ ਦੇ ਕਰਿੰਦਿਆਂ ਦਾ ਨਿਊਯਾਰਕ ‘ਚ ਵੀ ਭਾਰੀ ਵਿਰੋਧ




ਨਿਊਯਾਰਕ:ਨਿਊਯੋਰਕ ਅਮਰੀਕਾ ਵਿਟਸ ਸੈਂਟਰ ਵਿੱਚ ਬਾਹਰ ਨਿਕਲਦੇ ਸਾਰ ਹੀ ਰਾਜਾ ਵੜਿੰਗ ਦਾ ਸਿੰਘਾ ਨਾਲ ਸਾਹਮਣਾ ਹੋਇਆ।, ਪੰਜਾਬ ਕਾਂਗਰਸ ਦਾ ਪ੍ਰਧਾਨ ਰਾਜਾ ਵੜਿੰਗ ਸਿੱਖਾਂ ਦੀਆਂ ਗੱਲਾਂ ਦਾ ਜਵਾਬ ਨਾ ਦੇ ਸਕਿਆ ਅਤੇ ਆਪਣੀ ਗੱਡੀ ਨੂੰ ਉਸ ਜਗ੍ਹਾ ਤੋਂ ਭੇਜ ਰਫਤਾਰ ਵਿੱਚ ਭਜਾ ਕਿ ਲੈ ਗਿਆ ਲਾਲ ਲਾਇਟਾਂ ਦੀ ਪ੍ਰਵਾਹ ਵੀ ਨਹੀਂ ਕੀਤੀ। । ਮਿਤੀ 4 ਜੂਨ ਨੂੰ ਸਿੱਖ ਕੋਰਡੀਨੇਸ਼ਨ ਕਮੇਟੀ ਦਲ ਅਤੇ ਹੋਰ ਸਿੱਖ ਜਥੇਬੰਦੀਆਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਰਾਹੁਲ ਗਾਂਧੀ ਦੇ ਨਿਊਯਾਰਕ ਜੈਵਿਕ ਸੈਂਟਰ ਵਿੱਚ ਪ੍ਰੋਗਰਾਮ ਦੇ ਵਿਰੋਧ ਵਿੱਚ ਮੁਜ਼ਾਹਰੇ ਦੀ ਅਵਾਜ ਦਿੱਤੀ ਗਈ ਸੀ ਜਿਸ ਉੱਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਇਕੱਤਰ ਹੋਈਆਂ। ਸਿੱਖ ਨਸਲਕੁਸ਼ੀ ਦੀ ਦੋਸ਼ੀ ਭਾਰਤੀ ਸਟੇਟ ਦੀਆਂ ਕਾਂਗਰਸ ਅਤੇ ਸੰਘ ਸਮੇਤ ਇਸਦੀ ਖੁਸ਼ੀ ਮਨਾਉਣ ਵਾਲੀਆਂ ਸਾਰੀਆਂ ਰਾਜਸੀ ਧਿਰਾਂ ਪ੍ਰਤੀ ਕੌਮ ਵਿੱਚ ਕਦੇ ਵੀ ਨਾ ਭੁਲਾਉਣ ਵਾਲੇ ਘੱਲੂਘਾਰੇ ਦਾ ਦਰਦ ਜਿਉਂ ਦਾ ਤਿਉਂ ਮੌਜੂਦ ਹੈ, ਤੇ ਜੂਨ ਦੇ ਪਹਿਲੇ ਹਫ਼ਤੇ ਕਾਂਗਰਸ ਵੱਲੋਂ ਸਿੱਖਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਵਾਸਤੇ ਜਾਣ ਬੁੱਝ ਕੇ ਇਸ ਤਰਾਂ ਦੇ ਪ੍ਰੋਗਰਾਮ ਕੀਤੇ ਜਾਣ ਤਾਂ ਸਿੱਖਾਂ ਵੱਲੋਂ ਇਸਦਾ ਭਾਰੀ ਵਿਰੋਧ ਹੋਣਾ ਸੁਭਾਵਿਕ ਹੈ।ਨਿਊਯਾਰਕ ਵਿੱਚ ਜਿੱਥੇ ਸਿੰਘ ਸੰਗਤਾਂ ਤੋਂ ਪੰਥਕ ਜਥੇਬੰਦੀਆਂ ਇਨਾ ਦਾ ਵਿਰੋਧ ਕਰ ਰਹੇ ਸਨ ਉੱਥੇ ਟੁਕੜਬਰ ਕਿਸਮ ਦੇ ਕੁਛ ਭੇਖੀ ਲੋਕ ਕਾਂਗਰਸ ਦੇ ਪ੍ਰੋਗਰਾਮ ਵਿੱਚ ਸ਼ਾਮਲ ਸਨ ਜਿੰਨਾਂ ਨੂੰ ਵਿਰੋਧ ਦੇ ਨਾਲ ਨਾਲ ਲਾਹਣਤਾਂ ਦਾ ਸਾਹਮਣਾ ਵੀ ਕਰਨਾ ਪਿਆ। ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਬਾਹਰ ਨਿਕਲਦਾ ਸਿੰਘਾ ਦੇ ਸਾਹਮਣੇ ਆ ਗਿਆ ਤਾਂ ਸਿੰਘਾਂ ਨੇ ਇੰਦਰਾ ਗਾਂਧੀ ਦੇ ਪੁੱਤ ਕਹਾਉਣ ਵਾਲੇ ਨੂੰ ਘੇਰ ਕੇ ਇਸ ਵੱਲੋਂ ਹਮੇਸ਼ਾ ਸਿੱਖ ਤੇ ਪੰਜਾਬ ਵਿਰੋਧ ਲਈ ਸਟੈਂਡ ਤੇ ਕੀਤੇ ਕਾਰਿਆਂ ਬਾਰੇ ਜਵਾਬ ਮੰਗੇ, ਤੇ ਦੀਪ ਸਿੱਧੂ ਦੇ ਵਿਰੁੱਧ, ਤੇ ਉਸਤੋਂ ਬਾਦ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਵਿਰੁੱਧ ਜ਼ਹਿਰ ਉਗਲਣ ਤੇ ਸਰਕਾਰ ਨੂੰ ਕਾਰਵਾਈ ਕਰਨ ਲਈ ਉਕਸਾਉਣ ਲਈ ਦੋਸ਼ੀ, ਬੰਦੀ ਸਿੰਘਾਂ ਦੇ ਮਸਲੇ ਉੱਪਰ, ਸਿੱਖ ਵਿਰੋਧੀ ਕਾਰਿਆਂ ਦੇ ਰਾਜਾ ਵੜਿੰਗ ਨੂੰ ਸਵਾਲ ਹੋਣ ਲੱਗੇ ਤਾਂ ਇਹ ਆਪਣੇ ਚਮਚਿਆਂ ਪਿੱਛੇ ਲੁਕ ਕੇ ਜਾਨ ਬਚਾਉਂਦਾ ਉੱਥੋਂ ਭੱਜ ਨਿਕਲਿਆ। ਜਿਸ ਦੀ ਕਿ ਮੌਕੇ ਤੇ ਮੌਜੂਦ ਸਿੰਘ ਵੱਲੋਂ ਥੋੜੀ ਵੀਡੀਓ ਦੀ ਬਣ ਗਈ ਜੋ ਕਿ ਸ਼ੋਸ਼ਲ ਤੇ ਵਾਇਰਲ ਹੋ ਰਹੀ ਹੈ।ਪੰਥ ਦੋਖੀ ਲੋਕਾਂ ਨੂੰ ਸਿੱਖਾਂ ਨੂੰ ਚਿੜਾਉਣ ਵਾਲੇ ਆਪਣੇ ਕਾਰਿਆਂ ਤੋਂ ਬਾਜ ਆ ਜਾਣਾ ਚਾਹੀਦਾ ਹੈ ਨਹੀਂ ਤਾਂ ਇਸੇ ਤਰ੍ਹਾਂ ਇੰਨਾਂ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਭਜਾਇਆ ਜਾਵੇਗਾ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)


## ਸਿੱਖ ਮਾਨਸਿਕਤਾ ‘ਚ ਵੱਖਰਾ ਦੇਸ਼ ਬਣਾਉਣ ਦੀ ਤਾਂਘ ਉਬਾਲ਼ੇ ਮਾਰ ਰਹੀ ਹੈ:ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ

## ਘੱਲੂਘਾਰੇ ਦੇ ਸ਼ਹੀਦਾਂ ਦਾ ਸੁਪਨਾ ਖ਼ਾਲਿਸਤਾਨ:ਰਣਜੀਤ ਸਿੰਘ



ਅੰਮ੍ਰਿਤਸਰ: ਜੂਨ 1984 ਦੇ ਤੀਜੇ ਘੱਲੂਘਾਰੇ ਦੀ 39ਵੀਂ ਵਰ੍ਹੇਗੰਢ ਮੌਕੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਭਾਈ ਅੰਗਦ ਸਿੰਘ ਕਸ਼ਮੀਰ ਦੀ ਅਗਵਾਈ ਵਿੱਚ ਸਿੱਖ ਨੌਜਵਾਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸ਼ਹੀਦੀ ਯਾਦਗਾਰ ਕੋਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਜਨਰਲ ਸੁਬੇਗ ਸਿੰਘ ਅਤੇ ਸ਼ਹੀਦ ਬਾਬਾ ਥਾਹਰਾ ਸਿੰਘ ਦੀਆਂ ਤਸਵੀਰਾਂ ਵਾਲੇ ਪੋਸਟਰ-ਬੈਨਰ ਲਹਿਰਾਏ ਤੇ ਖ਼ਾਲਿਸਤਾਨ ਦੇ ਪੱਖ ‘ਚ ਜਬਰਦਸਤ ਨਾਅਰੇਬਾਜ਼ੀ ਕੀਤੀ। ਪੱਤਰਕਾਰਾਂ ਨਾਲ ਗੱਲ ਕਰਦਿਆਂ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਪ੍ਰਭੂਸੱਤਾ ਅਤੇ ਅਜ਼ਾਦੀ ਦਾ ਸੰਕਲਪ ਸਾਡੇ ਧਾਰਮਿਕ ਸਿਧਾਂਤਾਂ ਨਾਲ ਜੁੜਿਆ ਹੈ ਅਤੇ ਆਪਣਾ ਵੱਖਰਾ ਦੇਸ਼ ਬਣਾਉਣ ਦੀ ਤਾਂਘ ਸਿੱਖ ਮਾਨਸਿਕਤਾ ਦਾ ਹਮੇਸ਼ਾਂ ਹਿੱਸਾ ਰਹੀ ਹੈ ਤੇ ਹੁਣ ਉਬਾਲ਼ੇ ਮਾਰ ਰਹੀ ਹੈ। ਸ੍ਰੀ ਦਰਬਾਰ ਸਾਹਿਬ ਉੱਤੇ ਹਮਲੇ ਨਾਲ ਸਿੱਖਾਂ ਦਾ ਭਾਰਤ ਨਾਲੋਂ ਰਿਸ਼ਤਾ ਟੁੱਟ ਗਿਆ ਤੇ ਖ਼ਾਲਿਸਤਾਨ ਦੀ ਨੀਂਹ ਰੱਖੀ ਗਈ ਜਿਸ ਦੀ ਅਜ਼ਾਦੀ ਲਈ ਸੰਘਰਸ਼ ਜਾਰੀ ਹੈ। ਉਹਨਾਂ ਕਿਹਾ ਕਿ ਦਰਬਾਰ ਸਾਹਿਬ ‘ਤੇ ਹਮਲਾ ਕਿਸੇ ਇੱਕ ਪਾਰਟੀ ਵੱਲੋਂ ਨਹੀਂ ਬਲਕਿ ਪੂਰੇ ਭਾਰਤ ਦੇ ਰਾਜਤੰਤਰ ਨੇ ਕੀਤਾ ਸੀ ਜਿਸ ਦੀ ਅਗਵਾਈ ਕਾਂਗਰਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੀਤੀ ਤੇ ਭਾਜਪਾ, ਆਰ ਐਸ ਐਸ, ਕਾਮਰੇਡ, ਅਖੌਤੀ ਅਕਾਲੀਆਂ ਅਤੇ ਭਾਰਤ ਦੇ ਸਮੁੱਚੇ ਫ਼ਿਰਕੂ ਹਿੰਦੂਤਵੀਆਂ ਨੇ ਸਮਰਥਨ ਦਿੱਤਾ। ਉਹਨਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਅਤੇ ਹੋਰ ਸਿੰਘਾਂ-ਸਿੰਘਣੀਆਂ ਦੀਆਂ ਸ਼ਹੀਦੀਆਂ ਅਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਹੋਈਆਂ ਹਨ। ਘੱਲੂਘਾਰੇ ਦਿਹਾੜੇ ‘ਤੇ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸਿੰਘਾਂ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜ਼ਿੰਦਾਬਾਦ, ਸ਼ਹੀਦ ਭਾਈ ਅਮਰੀਕ ਸਿੰਘ ਅਮਰ ਰਹੇ, ਜਰਨਲ ਸ਼ਬੇਗ ਸਿੰਘ ਜ਼ਿੰਦਾਬਾਦ, ਸ਼ਹੀਦਾਂ ਦੀ ਸੋਚ ‘ਤੇ ਪਹਿਰਾ ਦਿਆਂਗੇ ਠੋਕ ਕੇ, ਰਾਜ ਕਰੇਗਾ ਖ਼ਾਲਸਾ, ਪੰਥ ਕੀ ਜੀਤ, ਅਕਾਲ ਤਖ਼ਤ ਤੋਂ ਆਈ ਅਵਾਜ਼ ਖ਼ਾਲਿਸਤਾਨ ਜ਼ਿੰਦਾਬਾਦ, ਭਿੰਡਰਾਂਵਾਲਿਆਂ ਬੱਬਰ ਸ਼ੇਰਾ ਸੁਪਨਾ ਪੂਰਾ ਕਰਾਂਗੇ ਤੇਰਾ, ਭਿੰਡਰਾਂਵਾਲਾ ਸੰਤ ਸਿਪਾਹੀ ਜਿੰਨੇ ਸੁੱਤੀ ਕੌਮ ਜਗਾਈ, ਸਾਡੀ ਜ਼ਿੰਦ ਸਾਡੀ ਜਾਨ ਖ਼ਾਲਿਸਤਾਨ ਆਦਿ ਨਾਅਰੇ ਪੂਰੇ ਗਰਮਜੋਸ਼ੀ ਨਾਲ ਲਗਾਏ ਜਿਸ ਨਾਲ ਮਾਹੌਲ ਬੇਹੱਦ ਪ੍ਰਭਾਵਸ਼ਾਲੀ ਅਤੇ ਜੋਸ਼ੀਲਾ ਬਣ ਗਿਆ। ਇਸ ਮੌਕੇ ਭਾਈ ਸੁਖਚੈਨ ਸਿੰਘ ਗੋਪਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਪਰਮਿੰਦਰ ਸਿੰਘ ਮੁਕੇਰੀਆਂ, ਭਾਈ ਸੁਰਜੀਤ ਸਿੰਘ ਖ਼ਾਲਿਸਤਾਨੀ ਆਦਿ ਹਾਜ਼ਰ ਸਨ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਵੱਲੋਂ ਮਾਨਤਾ ਨਹੀਂ ਦੇਵਾਂਗੇ:ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ) ਚੰਡੀਗੜ੍ਹ ਨੂੰ ਪੰਜਾਬ ਸੂਬੇ ਦੀ ਭਾਵਨਾਤਮਕ, ਸੱਭਿਆਚਾਰਕ, ਸਾਹਿਤਕ ਅਤੇ ਅਮੀਰ ਵਿਰਾਸਤ ਦਾ ਹਿੱਸਾ ਹੋਣ ਦਾ ਦਾਅਵਾ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਕੀਤਾ ਕਿ ਉਹ ਹਰਿਆਣਾ ਦੇ ਕਾਲਜਾਂ ਦੇ ਇਸ ਯੂਨੀਵਰਸਿਟੀ ਨਾਲ ਇਲਹਾਕ ਲਈ ਸਹਿਮਤ ਨਹੀਂ ਹੋਣਗੇ।ਉਹ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੀ ਮੌਜੂਦਗੀ ਵਿਚ ਦੂਜੇ ਗੇੜ ਦੀ ਗੱਲਬਾਤ ਤੋਂ ਬਾਅਦ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਹਰਿਆਣਾ ਆਪਣੇ ਕਾਲਜਾਂ ਦਾ ਯੂਨੀਵਰਸਿਟੀ ਨਾਲ ਇਲਹਾਕ ਚਾਹੁੰਦਾ ਹੈ। ਤੀਜੇ ਗੇੜ ਦੀ ਗੱਲਬਾਤ 3 ਜੁਲਾਈ ਨੂੰ ਹੋਵੇਗੀ।ਮਾਨ ਨੇ ਕਿਹਾ-ਅਸੀਂ ਉਨ੍ਹਾਂ ਦੀ ਗੱਲ ਸੁਣਾਂਗੇ, ਪਰ ਹਰਿਆਣਾ ਦੇ ਕਾਲਜਾਂ ਦੇ ਯੂਨੀਵਰਸਿਟੀ ਨਾਲ ਇਲਹਾਕ ਨੂੰ ਮਨਜ਼ੂਰ ਨਹੀਂ ਕਰਾਂਗੇ। ਉਨ੍ਹਾਂ ਨੇ ਆਪਣੇ ਕਾਲਜਾਂ ਲਈ ਕੁਰੂਕਸ਼ੇਤਰ ਯੂਨੀਵਰਸਿਟੀ ਬਣਾਈ ਤੇ ਹੁਣ ਆਪਣੀ ਹੀ ਯੂਨੀਵਰਸਿਟੀ ਦੀ ਕਦਰ ਨੂੰ ਤਸਲੀਮ ਨਹੀਂ ਕਰ ਰਹੇ। ਮਾਨ ਨੇ ਕਿਹਾ-ਹਰਿਆਣਾ ਦੇ ਕਿਸੇ ਵੀ ਕਾਲਜ ਨੂੰ ਯੂਨੀਵਰਸਿਟੀ ਤੋਂ ਮਾਨਤਾ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਯੂਨੀਵਰਸਿਟੀ ਦੀ ਸੈਨੇਟ 'ਚ ਪਿਛਲੇ ਦਰਵਾਜ਼ੇ ਤੋਂ ਦਾਖਲੇ ਲਈ ਹਰਿਆਣਾ ਦੇ ਕਿਸੇ ਯਤਨ ਨੂੰ ਕਾਮਯਾਬ ਹੋਣ ਦਿੱਤਾ ਜਾਵੇਗਾ।





Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ
ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400

ਮਨ ਮਨੁੱਖ ਦੀ ਕੁੰਜੀ ਹੈ    Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com

TMG LOGISTICS INC.

Need Owner Operators

NOW HIRING

*Vancouver to California    *California to Alberta Back Vancouver
*Vancouver to East USA Return

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸਬਰ, ਸਿਦਕ ਤੇ ਸਵੈਵਿਸ਼ਵਾਸ਼ ਨਾਲ ਘਰੋਂ ਇਕੱਲਾ ਤੁਰਿਆ ਲੱਖਾਂ ਲੋਕਾਂ ਦਾ ਕਾਫ਼ਲਾ ਬਨਾਉਣ ’ਚ ਸਫ਼ਲ ਰਿਹਾ ਕੈਬਨਿਟ ਮੰਤਰੀ ਜ: ਗੁਰਮੀਤ ਸਿੰਘ ਖੁੱਡੀਆਂ

ਮਲੋਟ(ਅਜਮੇਰ ਸਿੰਘ ਬਰਾੜ): ਕਿਸੇ ਇਨਸਾਨ ਨੇ ਕਿੰਨੇ ਵੀ ਮਾੜੇ ਜਾਂ ਚੰਗੇ ਹਾਲਾਤਾਂ ਵਿਚ ਕੋਈ ਨਿਸ਼ਾਨਾ ਮਿਥ ਕੇ ਮੰਜ਼ਿਲ ’ਤੇ ਪਹੁੰਚਣ ਦਾ ਪ੍ਰਣ ਲਿਆ ਹੋਵੇ ਅਤੇ ਵਾਹਿਗੁਰੂ ਦਾ ਓਟ ਆਸਰਾ ਲੈ ਕੇ ਘਰ ਤੋਂ ਸਵੈ ਵਿਸ਼ਵਾਸ਼, ਹੌਸਲੇ, ਦ੍ਰਿੜਤਾ ਨਾਲ ਪਹਿਲਾ ਕਦਮ ਪੁੱਟਿਆ ਹੋਵੇ, ਉਹ ਲੋਕ ਅਕਸਰ ਇਕ ਨਾ ਇਕ ਦਿਨ ਚਿਤਵੀਆਂ ਮੰਜ਼ਿਲਾਂ ਤੇ ਜਿੱਤ ਦਾ ਝੰਡਾ ਝੁਲਾਉਂਦੇ ਇਤਿਹਾਸ ਨੇ ਵੇਖੇ ਹਨ। ਲੋਕ ਰਾਜ ਦੀਆਂ ਰਾਜਸੀ ਸਫ਼ਾਂ ਵਿਚ ਆਪਣੀ ਜ਼ਿੰਦਗੀ ਦਾ ਸੁਨਹਿਰਾ ਇਤਿਹਾਸ ਆਪਣੇ ਸਮੇਂ ਦੀ ਨਾਮਵਰ ਪੰਥਕ ਸਖਸ਼ੀਅਤ ਸਵਰਗਵਾਸੀ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਫਰਜੰਦ ਜ: ਗੁਰਮੀਤ ਸਿੰਘ ਖੁੱਡੀਆਂ ਨੇ ਕੈਬਨਿਟ ਮੰਤਰੀ ਬਣ ਕੇ ਸਿਰਜਿਆ ਹੈ। ਇਹ ਵੀ ਕਿ ਆਪਣੀ ਜ਼ਿੰਦਗੀ ਵਿਚ ਹੱਕ ਸੱਚ ਦੇ ਰਾਹਾਂ ’ਤੇ ਸੁਨਹਿਰੀ ਪੈੜਾਂ ਪਾ ਕੇ ਇਸ ਜਹਾਨ ਤੋਂ ਰੁਖਸਤ ਹੋਇਆਂ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੂੰ ਇਸ ਜਹਾਨ ਤੋਂ ਗਿਆਂ ਚਾਹੇ ਤਿੰਨ ਦਹਾਕਿਆਂ ਤੋਂ ਉਪਰ ਦਾ ਸਮਾਂ ਹੋ ਚੁੱਕਿਆ ਹੈ ਪਰ ਉਨ੍ਹਾਂ ਦੇ ਸਾਫ-ਸਪੱਸ਼ਟ, ਸੰਜੀਦਾ, ਇਮਾਨਦਾਰ ਪੰਥਕ ਅਕਸ ਦੀਆਂ ਗੱਲਾਂ ਬਾਤਾਂ ਅਜੇ ਵੀ ਲੋਕ ਚੇਤਿਆਂ ਵਿਚ ਵਸੀਆਂ ਹੋਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਅਨੇਕਾਂ ਮਾਣ ਮੱਤੇ ਅਹੁਦਿਆਂ ’ਤੇ ਵਧੀਆ ਕਾਰਗੁਜ਼ਾਰੀ ਤੋਂ ਬਾਅਦ ਪੰਜਾਬ ਸਰਕਾਰ ਦੇ ਮੰਡੀ ਬੋਰਡ ਜਿਹੇ ਬਹੁਤ ਵੱਡੇ ਅਦਾਰੇ ਵਿਚ ਉਨ੍ਹਾਂ ਦਾ ਇਕ ਸਧਾਰਨ ਇਨਸਾਨ ਵਾਂਗ ਵਿਚਰਨ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੀਆਂ ਉਦਾਹਰਨਾਂ ਲੋਕ, ਅਫ਼ਸਰ ਅਤੇ ਮੁਲਾਜਮ ਅੱਜ ਵੀ ਦਿੰਦੇ ਹਨ। ਪਾਰਟੀ ਨੂੰ ਇਕਮੁੱਠ ਰੱਖਣ ਲਈ ਹਾਈ ਕਮਾਂਡ ਦੇ ਹੁਕਮ ’ਤੇ ਦੋ ਵਾਰ ਐਮ. ਐਲ. ਏ. ਦੀ ਟਿਕਟ ਦਾ ਤਿਆਗ ਵੀ ਅਜਿਹਾ ਭਲਾ ਪੁਰਸ਼ ਹੀ ਕਰ ਸਕਦਾ ਸੀ। 1989 ਦੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੀ ਸਖਸ਼ੀਅਤ ਤੇ ਇਮਾਨਦਾਰੀ ’ਤੇ ਮੋਹਰ ਲਾਉਂਦਿਆਂ ਫਰੀਦਕੋਟ ਲੋਕ ਸਭਾ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਬਹੁਤ ਭਾਰੀ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿਚ ਭੇਜਿਆ ਸੀ ਪਰ ਕੁਝ ਹੀ ਦਿਨਾਂ ਬਾਅਦ ਉਨ੍ਹਾਂ ਦਾ ਬੇਹੱਦ ਭੇਦ ਭਰੀ ਹਾਲਤ ਵਿਚ ਇਸ ਜੱਗ ’ਤੋਂ ਚਲੇ ਜਾਣਾ ਲੋਕਾਂ ਨੂੰ ਇਕ ਬਹੁਤ ਵੱਡੇ ਸਿਆਸੀ ਸਹਾਰੇ ਤੋਂ ਮਹਿਰੂਮ ਕਰ ਗਿਆ ਸੀ।

ਐਨੀ ਵੱਡੀ ਸੱਟ ਅਤੇ ਪਿਤਾ ਦੇ ਸਹਾਰੇ ਤੋਂ ਮਹਿਰੂਮ ਹੋਏ ਉਸ ਸਮੇਂ ਛੋਟੀ ਉਮਰ ਦੇ ਗੁਰਮੀਤ ਸਿੰਘ ਸ਼ਾਇਦ ਕਈ ਰਾਤਾਂ ਸੁੱਤੇ ਨਹੀਂ ਹੋਣਗੇ। ਫਿਰ ਸ਼ਾਇਦ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਦ੍ਰਿੜ ਇਰਾਦੇ ਨਾਲ ਉਸ ਤੋਂ ਪਿੱਛੋਂ ਆਪਣੇ ਛੋਟੇ ਵੀਰ ਹਰਮੀਤ ਸਿੰਘ ਨੂੰ ਪ੍ਰਦੇਸਾਂ ਵਿਚ (ਕੈਨੇਡਾ) ਭੇਜ ਗੁਰਮੀਤ ਸਿੰਘ ਇਕੱਲਾ ਹੀ ਲੋਈ ਦੀ ਬੁੱਕਲ ਮਾਰ ਕੇ ਘਰ ਤੋਂ ਨਿਕਲ ਪਿਆ। ਪਹਿਲੇ ਦਿਨ ਤੋਂ ਹੀ ਉਸ ਦੇ ਸ਼ਬਦ ਹੁੰਦੇ ਸਨ ਕਿ ਮੈਂ ਆਪਣੇ ਪਿਤਾ ਜੀ ਦੇ ਸੁਪਨੇ ਪੂਰੇ ਕਰਨੇ ਹਨ ਅਤੇ ਇਸ ਦੇ ਨਾਲ ਲੋਕਾਂ ਨਾਲ ਵਾਅਦਾ ਵੀ ਕਰਦਾ ਸੀ ਕਿ ਇਸ ਮੰਜ਼ਿਲ ’ਤੇ ਪਹੁੰਚਣ ਲਈ ਮੈਂ ਵਿੰਗਾ ਟੇਢਾ ਰਾਹ ਨਹੀਂ ਅਪਨਾਂਵਾਂਗਾ ਅਤੇ ਸੱਚ ਦੇ ਰਾਹਾਂ ’ਤੇ ਤੁਰਾਂਗਾ। ਅਨੇਕਾਂ ਸਿਆਸੀ ਝੱਖੜਾਂ, ਹਨੇਰੀਆਂ, ਚਾਲਬਾਜੀਆਂ, ਤਿਕੜਮਬਾਜੀਆਂ ਦਾ ਸ਼ਿਕਾਰ ਹੁੰਦਾ ਉਹ ਆਪਣੇ ਦਰਵੇਸ਼ ਪਿਤਾ ਵੱਲੋਂ ਵਿਖਾਈ ਚਾਨਣ ਦੀ ਚਿਣਗ ਵੱਲ ਬੜੇ ਸਿਦਕ, ਸਬਰ ਅਤੇ ਹੌਸਲੇ ਨਾਲ ਤੁਰਦਾ ਗਿਆ। ਅੱਜ ਕੈਬਨਿਟ ਮੰਤਰੀ ਜਿਹੀ ਵੱਡੀ ਪ੍ਰਾਪਤੀ ਪਿੱਛੇ ਘਰ ਦੇ ਹੋਰ ਜੀਆਂ ਦੇ ਨਾਲ ਨਾਲ ਉਹਨਾਂ ਦੇ ਭਤੀਜੇ ਪ੍ਰਧਾਨ ਰਣਧੀਰ ਸਿੰਘ ਧੀਰਾ ਖੁੱਡੀਆਂ, ਬੇਟੇ ਅਮੀਤ ਟਿਮਾ ਤੇ ਸੁਮੀਤ ਨੇ ਆਪਣੀ ਜ਼ਿੰਦਗੀ ਦੇ ਸੁਨਹਿਰੀ ਸਾਲ ਇਸ ਲੋਕ ਸੇਵਾ ਵਾਲੇ ਸੰਘਰਸ਼ ਦੇ ਹਿੱਸੇ ਲਾਏ ਹਨ। ਜਥੇ: ਖੁੱਡੀਆਂ ਦੀ ਮਿੱਠਤ, ਹਲੀਮੀ, ਇਮਾਨਦਾਰੀ ਜੋ ਦਹਾਕਿਆਂ ਤੱਕ ਨਿਭਾਉਣੀ ਬਹੁਤ ਔਖੀ ਹੁੰਦੀ ਹੈ, ਨੂੰ ਵੇਖਦਿਆਂ ਇਕ ਇਕ ਕਰਕੇ ਲੋਕ ਉਸਦੇ ਨਾਲ ਜੁੜਦੇ ਗਏ ਅਤੇ ਅੱਜ ਪਹਾੜ ਦੇ ਸਿਖਰ ’ਤੇ, ਜਿਸ ਨੂੰ ਜਿੱਤਣ ਦਾ ਪ੍ਰਣ ਲੈ ਕੇ ਚੱਲਿਆ ਸੀ, ਆਪਣੇ ਚਾਹੁਣ ਵਾਲੇ ਹਰ ਵਰਗ ਦੇ ਲੱਖਾਂ ਲੋਕਾਂ ਦੇ ਕਾਫਿਲੇ ਨਾਲ ਜੇਤੂ ਝੰਡਾ ਲੈ ਕੇ ਸ਼ਾਂਤ ਚਿੱਤ ਖੜਾ ਹੈ। ਸਹਿਜਤਾ, ਸ਼ਰਾਫ਼ਤ, ਸੰਜੀਦਗੀ ਦਾ ਸੁਮੇਲ, ਲਿਆਕਤ, ਮਿੱਠਤ, ਮਿਲਣਸਾਰਤਾ ਦੇ ਮੁਜੱਸਮਾ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਲੋਕਾਂ ਨੇ ਬੜਾ ਪਿਆਰ, ਸਤਿਕਾਰ ਬਖਸ਼ ਕੇ ਇਸ ਮਾਣਮੱਤੇ ਅਹੁਦੇ ’ਤੇ ਪਹੁੰਚਾਇਆ ਹੈ ਅਤੇ ਉਸ ਦੇ ਚਾਹੁਣ ਵਾਲੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਮੁੱਖ ਮੰਤਰੀ ਤੋਂ ਉਹਨਾਂ ਦੀ ਦਹਾਕਿਆਂ ਦੀ ਮਿਹਨਤ, ਤਪੱਸਿਆ ਅਤੇ ਤਜਰਬੇ ਨੂੰ ਵੇਖਦੇ ਹੋਏ ਮੰਤਰੀ ਮੰਡਲ ਵਿਚ ਵੱਡੀ ਜੁੰਮੇਵਾਰੀ ਦਿੱਤੀ ਹੈ। ਸ਼ਾਲਾ! ਜਥੇਦਾਰ






ਗੁਰਮੀਤ ਸਿੰਘ ਖੁੱਡੀਆਂ ਆਪਣੀ ਪਹਿਲੀ ਜ਼ਿੰਦਗੀ ਦੀ ਤਰ੍ਹਾਂ ਖੁੱਲ੍ਹੀ ਕਿਤਾਬ ਵਾਂਗ ਲੋਕ ਸੇਵਾ ਦੇ ਰਾਹਾਂ ’ਤੇ ਤੁਰਦਾ ਰਹੇ, ਉਸ ਦੇ ਚਾਹੁਣ ਵਾਲਿਆਂ ਦੀਆਂ ਉਸ ਲਈ ਇਹੀ ਦੁਆਵਾਂ, ਆਸ਼ਾਵਾਂ, ਇੱਛਾਵਾਂ ਤੇ ਉਮੀਦਾਂ ਹਨ।

**-ਅਜਮੇਰ ਸਿੰਘ ਬਰਾੜ**

## ‘ਚੰਗੇ ਕੱਪੜੇ’ ਪਾਉਣ ਅਤੇ ਐਨਕਾ ਲਾਉਂਣ ਤੇ ਉੱਚ ਜਾਤੀ ਦੇ ਲੋਕਾਂ ਵੱਲੋਂ ਦਲਿਤ ਦੀ ਕੁੱਟਮਾਰ

ਗੁਜਰਾਤ: ਬਨਾਸਕਾਂਠਾ ਜ਼ਿਲੇ ‘ਚ ‘ਚੰਗੇ ਕੱਪੜੇ’ ਪਾਉਣ ਅਤੇ ‘ਸਨਗਲਾਸ’ ਪਹਿਨਣ ‘ਤੇ ਕਥਿਤ ਤੌਰ ‘ਤੇ ਉੱਚ ਜਾਤੀ ਦੇ ਲੋਕਾਂ ਵੱਲੋਂ ਇਕ ਦਲਿਤ ਵਿਅਕਤੀ ਦੀ ਕੁੱਟਮਾਰ ਅਤੇ ਉਸ ਦੀ ਮਾਂ ਨਾਲ ਕੁੱਟਮਾਰ ਕਰਨ ਦੀ ਘਟਨਾ ਸਾਹਮਣੇ ਆਈ ਹੈ। ਇੰਡੀਅਨ ਐਕਸਪ੍ਰੈਸ ਮੁਤਾਬਕ ਪਾਲਨਪੁਰ ਦੇ ਮੋਟਾ ਪਿੰਡ ਦੇ ਰਹਿਣ ਵਾਲੇ 21 ਸਾਲਾ ਦਲਿਤ ਨੌਜਵਾਨ ਜਿਗਰਭਾਈ ਕਨੂਭਾਈ ਸ਼ੇਖਲੀਆ ‘ਤੇ ਰਾਜਪੂਤ ਭਾਈਚਾਰੇ ਦੇ ਮੈਂਬਰਾਂ ਨੇ ਹਮਲਾ ਕੀਤਾ। ਉਸ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਲਿਖੀ ਐਫਆਈਆਰ ਵਿੱਚ ਕਿਹਾ ਗਿਆ ਹੈ ਕਿ ਮੁਲਜ਼ਮ ਨੇ ਜਿਗਰਭਾਈ ਨੂੰ ਕਿਹਾ ਕਿ ਉਸ ਨੂੰ ਜਿਗਰ ਦਾ ਚੰਗੇ ਕੱਪੜੇ ਪਾਉਣਾ ਅਤੇ ਧੁੱਪ ਦੀਆਂ ਐਨਕਾਂ ਲਾਉਣਾ ਪਸੰਦ ਨਹੀਂ ਸੀ। ਸ਼ਿਕਾਇਤ ਮੁਤਾਬਕ ਹਮਲੇ ਦੌਰਾਨ ਮੁਲਜ਼ਮਾਂ ਨੇ ਉਸ ਨੂੰ ਬਚਾਉਣ ਆਈ ਜਿਗਰ ਦੀ ਮਾਂ ਦੇ ਕੱਪੜੇ ਪਾੜ ਦਿੱਤੇ। ਪੁਲੀਸ ਨੇ ਸੱਤ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

## 10 ਦਲਿਤਾਂ ਦੇ ਕਤਲ ਦੇ ਦੋਸ਼ ਵਿੱਚ 42 ਸਾਲ ਬਾਅਦ ਸਜ਼ਾ

ਉੱਤਰ ਪ੍ਰਦੇਸ਼:-ਸ਼ਿਕੋਹਾਬਾਦ ‘ਚ 10 ਦਲਿਤਾਂ ਦੇ ਕਤਲ ਦੇ 42 ਸਾਲ ਬਾਅਦ 90 ਸਾਲਾ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਿੰਦੁਸਤਾਨ ਟਾਈਮਜ਼ ਦੇ ਅਨੁਸਾਰ, 1981 ਵਿੱਚ ਸਾਧੂਪੁਰ ਪਿੰਡ ਵਿੱਚ ਇੱਕ ਉੱਚ ਜਾਤੀ ਦੇ ਰਾਸ਼ਨ ਦੁਕਾਨ ਦੇ ਮਾਲਕ ਵਿਰੁੱਧ ਸ਼ਿਕਾਇਤ ਕਰਨ ਲਈ 10 ਦਲਿਤਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ। ਕੇਸ ਦੀ ਸੁਣਵਾਈ ਦੌਰਾਨ ਨੌਂ ਮੁਲਜ਼ਮਾਂ ਦੀ ਮੌਤ ਹੋ ਗਈ ਸੀ। ਹੁਣ ਇਕ ਸਥਾਨਕ ਅਦਾਲਤ ਨੇ ਇਕਲੌਤੇ ਜਿਊਂਦੇ ਦੋਸ਼ੀ ਨੂੰ ਦੋਸ਼ੀ ਠਹਿਰਾਉਂਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ।


Expert Advice, Consultation & Representation in all your legal matters



**FAMILY LAW**
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

**IMMIGRATION LAW**
- Students, Workers and Visitors cases
- All Immigration matters
- Sponsorship cases

**REAL ESTATE IN BC AND ALBERTA**
- Sale and purchase of Residential and Commercial Properties in **BC** and **Alberta**
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

**EMPLOYMENT LAW**
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

**CORPORATE & BUSINESS LAW**
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

**NOTARY SERVICES**
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

**BENEFITS OF CHOOSING US**
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

**CHARANJEET KAUR RAINA**
LAWYER AND NOTARY PUBLIC

**778 835 8455**

#201-13049 76th Avenue, Surrey BC V3W2V7
www.rainalaw.com Email : craina@rainalaw.com

# ਜੂਨ '84 ਘੱਲੂਘਾਰੇ ਦੀ ਵਰ੍ਹੇਗੰਢ ਮੌਕੇ ਲੰਡਨ 'ਚ ਰੋਸ ਪ੍ਰਦਰਸ਼ਨ



ਲੰਡਨ(ਮਨਪ੍ਰੀਤ ਸਿੰਘ ਬੱਧਨੀ ਕਲਾਂ)- ਭਾਰਤੀ ਹਕੂਮਤ ਅਤੇ ਫੌਜ ਵਲੋਂ ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਮੇਤ ਪੰਜਾਬ ਦੇ ਅਣਗਿਣਤ ਗੁਰਦੁਆਰਿਆਂ 'ਤੇ ਕੀਤੇ ਹਮਲੇ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਅਤੇ ਵੱਡੀ ਗਿਣਤੀ 'ਚ ਬੇਦੋਸ਼ੇ ਸਿੱਖਾਂ ਨੂੰ ਮਾਰਨ ਦੇ ਰੋਸ ਵਜੋਂ ਬੀਤੇ 39 ਸਾਲਾਂ ਤੋਂ ਲੰਡਨ ਦੀਆਂ ਸੜਕਾਂ 'ਤੇ ਹਰ ਸਾਲ ਸਿੱਖਾਂ ਵਲੋਂ ਭਾਰੀ ਰੋਸ ਮੁਜ਼ਾਹਰਾ ਕਰਕੇ ਵਿਸ਼ਵ ਭਰ ਦੀਆਂ ਸਰਕਾਰਾਂ ਨੂੰ ਦੱਸਿਆ ਜਾਂਦਾ ਹੈ ਕਿ ਭਾਰਤ 'ਚ ਸਿੱਖਾਂ ਨਾਲ ਹੋਈ ਇਸ ਅਣਹੋਣੀ ਦਾ ਇਨਸਾਫ ਅਜੇ ਤੱਕ ਨਹੀਂ ਮਿਲਿਆ। ਸਿੱਖਾਂ ਦੇ ਜ਼ਖਮਾਂ 'ਤੇ ਮਲ•ਮ ਲਗਾਉਣ ਦੀ ਥਾਂ ਅਜੇ ਵੀ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਪਾਉਣ ਦੀ ਕੋਸ਼ਿਸ਼ ਹੁੰਦੀ ਰਹਿੰਦੀ ਹੈ। ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਵੀ ਸਰਕਾਰ ਗੰਭੀਰ ਨਹੀਂ ਹੈ। ਹਮਲੇ ਦੀ ਪੀੜ ਅੱਜ ਵੀ ਸਿੱਖਾਂ ਦੇ ਹਿਰਦਿਆਂ ਅੰਦਰ ਤਾਜ਼ਾ ਹੈ। ਯੂ.ਕੇ. ਦੇ ਵੱਖ-ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ 'ਚ ਸਿੱਖ ਲੰਡਨ ਪਹੁੰਚੇ, ਜਿੱਥੋਂ ਜਲੂਸ ਦੀ ਸ਼ਕਲ 'ਚ ਪੰਜਾਂ ਪਿਆਰਿਆਂ ਦੀ ਅਗਵਾਈ 'ਚ ਟਰੈਫਗੁਲਰ ਸੁਕੇਅਰ ਵਿਖੇ ਪਹੁੰਚੇ। ਰਸਤੇ 'ਚ ਸਿੱਖ ਗੁਰਬਾਣੀ ਜਾਪ ਦੇ ਨਾਲ ਨਾਲ ਭਾਰਤ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕਰਦੇ ਰਹੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਅਰਿਆਂ ਨਾਲ ਲੰਡਨ ਗੂੰਜਦਾ ਰਿਹਾ। ਰੋਸ ਮਾਰਚ ਲਈ ਪੁਲਿਸ ਪ੍ਰਸ਼ਾਸਨ ਵਲੋਂ ਕਈ ਸੜਕਾਂ ਨੂੰ ਬੰਦ ਕਰਕੇ ਆਵਜਾਈ ਦੇ ਰੁਖ ਬਦਲੇ ਹੋਏ ਸਨ। ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਸਿੱਖਾਂ ਨੂੰ 39 ਸਾਲ ਬਾਅਦ ਵੀ ਇਨਸਾਫ ਨਹੀਂ ਮਿਲਿਆ ਅਤੇ ਪੰਜਾਬ ਦੀ ਸਿੱਖ ਜਵਾਨੀ ਨੂੰ ਖ਼ਤਮ ਕਰਨ ਲਈ ਵੱਖ-ਵੱਖ ਤਰੀਕੇ ਵਰਤੇ ਜਾ ਰਹੇ ਹਨ । ਸਿੱਖ ਹੱਕਾਂ ਦੀ ਗੱਲ ਕਰਨ ਤਾਂ ਉਨ੍ਹਾਂ ਨੂੰ ਅੱਤਵਾਦੀ ਠਹਿਰਾਉਣ ਲਈ ਹਰ ਹੀਲਾ ਵਰਤਿਆ ਜਾਂਦਾ ਹੈ। ਬੁਲਾਰਿਆਂ ਨੇ ਇਸ ਮੌਕੇ ਜੂਨ 1984 ਦੇ ਘੱਲੂਘਾਰੇ 'ਚ ਬਰਤਾਨਵੀ ਸਰਕਾਰ ਦੀ ਭੂਮਿਕਾ ਦੇ ਮੁੱਦੇ ਨੂੰ ਵੀ ਉਠਾਇਆ ਅਤੇ ਨਿਰਪੱਖ ਜਾਂਚ ਕਰਵਾਉਣ ਦੀ ਮੁੜ ਮੰਗ ਕੀਤੀ । ਇਸ ਮੌਕੇ ਭਾਈ ਅਮਰੀਕ ਸਿੰਘ ਗਿੱਲ, ਭਾਈ ਦਵਿੰਦਰਜੀਤ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਨਰਿੰਦਰਜੀਤ ਸਿੰਘ, ਭਾਈ ਹਰਜੀਤ ਸਿੰਘ, ਭਾਈ ਹਰਦੀਸ਼ ਸਿੰਘ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਮੋਦੀ ਪਿੱਛੇ ਦੇਖ ਕੇ ਕਾਰ ਚਲਾ ਰਹੇ:ਰਾਹੁਲ

ਨਿਊਯਾਰਕ: ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਨੂੰ ਪਿੱਛੇ ਲਿਜਾ ਰਹੇ ਹਨ। ਉਨ੍ਹਾ ਕਿਹਾ-ਤੁਸੀਂ ਸਭ ਕਾਰ ਵਿਚ ਬੈਠ ਕੇ ਇਸ ਪ੍ਰੋਗਰਾਮ ਵਿਚ ਆਏ ਹੋ, ਜੇ ਤੁਸੀਂ ਸਿਰਫ ਪਿਛਲੇ ਸ਼ੀਸ਼ੇ ਵਿਚ ਦੇਖ ਕੇ ਗੱਡੀ ਚਲਾਓਗੇ ਤਾਂ ਕੀ ਸਹੀ ਤਰ੍ਹਾਂ ਚਲਾ ਸਕੋਗੇ। ਇਕ ਦੇ ਬਾਅਦ ਇਕ ਹਾਦਸੇ ਹੋਣਗੇ, ਪਰ ਮੋਦੀ ਗੱਡੀ ਇੰਜ ਹੀ ਚਲਾ ਰਹੇ ਹਨ। ਉਹ ਸਿਰਫ ਪਿੱਛੇ ਦੇਖ ਰਹੇ ਹਨ ਤੇ ਫਿਰ ਹੈਰਾਨ ਹੋ ਰਹੇ ਹਨ ਕਿ ਹਾਦਸੇ ਕਿਉ ਹੋ ਰਹੇ ਹਨ। ਉਨ੍ਹਾ ਕਿਹਾ ਕਿ ਆਰ ਐੱਸ ਐੱਸ ਤੇ ਭਾਜਪਾ ਪਿੱਛੇ-ਖਿੱਚੂ ਸੋਚ ਰਖਦੇ ਹਨ। ਉਨ੍ਹਾਂ ਨੂੰ ਕੁਝ ਵੀ ਪੁੱਛੋ, ਉਹ ਪਿੱਛੇ ਵੱਲ ਦੇਖਣ ਲੱਗ ਪੈਂਦੇ ਹਨ। ਉਨ੍ਹਾਂ ਨੂੰ ਪੁੱਛੋ ਰੇਲ ਹਾਦਸਾ ਕਿਉ ਹੋਇਆ, ਤਾਂ ਉਹ ਕਹਿਣਗੇ ਕਿ ਕਾਂਗਰਸ ਨੇ 50 ਸਾਲ ਪਹਿਲਾਂ ਇਹ ਕੀਤਾ ਸੀ। ਜਦੋਂ ਕਾਂਗਰਸ ਦੇ ਰਾਜ ਵਿਚ ਹਾਦਸੇ ਹੁੰਦੇ ਸੀ ਤਾਂ ਕਾਂਗਰਸ ਨੇ ਕਦੇ ਨਹੀਂ ਕਿਹਾ ਕਿ ਇਹ ਅੰਗਰੇਜ਼ਾਂ ਦੀ ਗਲਤੀ ਕਰਕੇ ਹੋਏ। ਕਾਂਗਰਸ ਦੇ ਰੇਲ ਮੰਤਰੀ ਨੇ ਜ਼ਿੰਮੇਦਾਰੀ ਲੈ ਕੇ ਅਸਤੀਫਾ ਦੇ ਦਿੱਤਾ ਸੀ। ਰਾਹੁਲ ਦੇ ਭਾਸ਼ਣ ਤੋਂ ਪਹਿਲਾਂ ਮੌਜੂਦ ਲੋਕਾਂ ਨੇ ਓਡੀਸਾ ਰੇਲ ਹਾਦਸੇ 'ਚ ਮਾਰਨ ਵਾਲਿਆਂ ਦੀ ਆਤਮਾ ਦੀ ਸ਼ਾਂਤੀ ਲਈ 60 ਸੈਕਿੰਡ ਦਾ ਮੌਨ ਰੱਖਿਆ।













# ਕੀ ਹਨ ਔਰਤ ਪਹਿਲਵਾਨਾਂ ਦੇ ਦੋਸ਼?

ਦਿੱਲੀ:ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰ ਰਹੇ ਭਾਜਪਾ ਦੇ ਸੰਸਦ ਮੈਂਬਰ ਅਤੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਦਰਜ ਐਫਆਈਆਰ ਵਿੱਚ ਲਗਾਏ ਗਏ ਦੋਸ਼ਾਂ ਦੇ ਵੇਰਵੇ ਪ੍ਰਕਾਸ਼ਿਤ ਹੋ ਰਹੇ ਹਨ। ਐਫਆਈਆਰ ਦਾ ਹਵਾਲਾ ਦਿੰਦੇ ਹੋਏ, ਇੰਡੀਅਨ ਐਕਸਪ੍ਰੈਸ ਨੇ ਰਿਪੋਰਟ ਦਿੱਤੀ ਕਿ ਸ਼ਿਕਾਇਤਕਰਤਾਵਾਂ ਨੇ ਕਿਹਾ ਕਿ ਬ੍ਰਿਜ ਭੂਸ਼ਣ ਨੇ ਇੱਕ ਲੇਡੀ ਤਮਗਾ ਜੇਤੂ ਨੂੰ ਜ਼ਬਰਦਸਤੀ ਗਲੇ ਲਗਾਇਆ, ਦੂਜੀ ਦੀ ਛਾਤੀ 'ਤੇ ਅਣਉਚਿਤ ਢੰਗ ਨਾਲ ਛੂਹਿਆ ਅਤੇ ਵਿਰੋਧ ਕਰਨ ਤੇ ਧਮਕੀ ਦਿੱਤੀ। ਤਮਗਾ ਜੇਤੂ ਪਹਿਲਵਾਨ ਨੇ ਇਹ ਵੀ ਦੱਸਿਆ ਹੈ ਕਿ ਸਿੰਘ ਨੇ ਉਸ ਨੂੰ 'ਸਪਲੀਮੈਂਟਸ' ਦੇਣ ਦੇ ਬਦਲੇ ਸੈਕਸ ਦੀ ਮੰਗ ਕੀਤੀ ਸੀ।ਅਜੇ ਕਈ ਔਰਤਾਂ ਸਾਹਮਣੇ ਨਹੀਂ ਆ ਰਹੀਆਂ ਕਿਸੇ ਹੋਰ ਵੀ ਹੋ ਸਕਦੇ ਹਨ।


BC's Top Mortgage Broker
CMA 2023 Award Winner - Broker of the Year - BC
Purchase
with Quick Approval & Cash Back upto $4,000*
CANADA'S Top #26 MORTGAGE BROKER-2022





Raj Gill, AMP
VANCOUVER
Unit 200-6330 Fraser St
E: airraj@shaw.ca
604 564 1000

Our Symbol of Care & Service
Superior Mortgage
The Banking Alternative
www.QUICKAPPROVAL.ca
*Some conditions apply.

Sharnjit S Gill, AMP
SURREY
Unit 244 8138 128 St,
E: sharnjitgill@shaw.ca
604 507 1000




CENTURY 21 Coastal Realty Ltd.
BUYING OR SELLING?

Why you should list with me
- I am an 11-year career professional.
- I can help you market and negotiate a successful sale.
- My office has ranked no.1 in the worldwide network of Century 21 (2021/2022)



LETS WORK TOGETHER! I'M IN YOUR CORNER!
LIST WITH THE NO.1 REAL ESTATE BROKERAGE IN THE FRASER VALLEY
SHAWN BHATT
604-690-8586
www.shawnbhatt.com
7928 128 St #105, Surrey, BC V3W 4E8
HONESTY | INTEGRITY | RELIABILITY

TVTL TAJVEER TRANSPORT LTD.
TAJVEER
TRANSPORT LTD.
ਸਾਨੂੰ ਕਨੇਡਾ/ਅਮਰੀਕਾ ਰੂਟਾਂ ਲਈ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ



Ph:604-951-1515 Toll Free:1-855-882-1515
19910-16th Ave, Langley BC V2Z 1K1
Email:info@tajveertransport.com sales@tajveertransport.com



.Ck Auto.
SALE
BUY 4 TIRES & GET
ALLIGNMENT AT 1/2 PRICE
FLAT TYRE REPAIR FREE
NEW
40% off
ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ
CK AUTO SERVICES LTD.
Clearance Sale
*Limited Quantity
On All Seasons & Winter Tires
(Auplus & Comforser)
215/70R16
COMFORSER
Reg: $155.00
Now : $70.00
235/65R17
COMFORSER
Reg: $220.00
Now : $95.00
SALE
Comforser
Size: 205/60/16
Reg Price: $110
Sale Price : $55
245/65R17
COMFORSER
Reg: $240.00
Now : $100.00
215/70R15
GOOD YEAR INTEGRITY
Reg: $120.00
Now : $90.00
Auplus
Size: 205/60/16
Reg Price: $125
Sale Price : $65
TARSHOTAM BIRAN
ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ
Cell: 778-322-1610, Tel: 604-592-2667
#106-13112-84th Ave.,Surrey




ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ
#1 Services On Your Special Events
SARDAR JI CATERING
SARDAR JI CATERING
Website:www.sardarjicatering.com
ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ
•ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
•ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
•ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
•ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
•LIVE FRESH ਕੁਕਿੰਗ •Excellent Food Presentation
•ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
•ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
•ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ
*No matter the Event *Count on us * Available for all occasions
ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ
For Catering Enquiries Contact: Off:206-517-4444, Cell:206-771-5079
6417 Roosevelt Way NE #105, Seattle WA 98115
Email:sardarjicatering@gmail.com

# ਮਦਰ ਇੰਡੀਆ

## CELEBRATING




IN BUSSINESS

# ਸ਼ਿਲਾਜੀਤ




**ਗੋਡਿਆਂ ਮੋਢਿਆਂ ਦੇ ਦਰਦ ਤੋਂ ਨਿਜਾਤ ਪਾਉਣ ਲਈ ਮਦਰ ਇੰਡੀਆ ਦੀ ਖਾਲਸ ਸ਼ਿਲਾਜੀਤ ਵਰਤੋ ਜੋ ਅਨਰਜੀ ਬੂਸਟ ਲਈ ਅਤਿਅੰਤ ਲਾਹੇਵੰਦ ਹੈ**

Mother India




ਨਰੇਸ਼ ਸ਼ੁਕਲਾ

Email:nareshcanada@hotmail.com
6647-Main Street (50th Ave.)
Vancouver BC V5X 3H3




## ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ

# TEL: 604-430-6072


Furniture Land
Furnishing Your Home For Less
SUMMER CLEARANCE
Store Hours
Mon-Sun 10am. to 6pm.
2 Locations
SURREY
13581 77th Avenue,
Surrey, BC V3W 6Y2
PH:(604) 591-9595
info@furnitureland.ca
RICHMOND
12180 Bridgeport Road,
Richmond, BC V6V 1J3
PH: (604) 278-9595
richmond@furnitureland.ca
DINNING TABLE SET
6pc $898
SECTIONAL SOFA Reg $4000
Sale $1998
Queen Bed Reg $3000
Sale $998
QUEEN STORAGE BED Reg $3000
Sale $898
BEDROOM SUITE Reg $5998
7pc $3498

# ਅੰਮ੍ਰਿਤਸਰ ਵਿੱਚ ਗੂੰਜੇ ਖਾਲਿਸਤਾਨ ਦੇ ਨਾਅਰੇ

## ਸ਼ਹੀਦ ਪ੍ਰੀਵਾਰਾ ਦਾ ਕੀਤਾ ਸਨਮਾਨ:ਹਜਾਰਾਂ ਦੀ ਗਿਣਤੀ ਵਿੱਚ ਪਹੁੰਚੀਆਂ ਸਿੱਖ ਸੰਗਤਾਂ

ਅੰਮ੍ਰਿਤਸਰ (ਚਰਨਜੀਤ ਸਿੰਘ) ਖਾਲਿਸਤਾਨ ਜਿੰਦਾਬਾਦ ਅਤੇ ਸੰਤ ਭਿੰਡਰਾਂ ਵਾਲੇ ਅਮਰ ਰਹਿਣ ਦੇ ਅਕਾਸ਼ ਗੂੰਜਾਊ ਨਾਅਰਿਆਂ ਵਿਚਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੂਨ 1984 ਦੇ ਸ਼ਹੀਦਾਂ ਦੀ ਯਾਦ ਮਨਾਈ ਗਈ। ਜੂਨ 1984 'ਚ ਭਾਰਤ ਦੀ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਭਾਈ

ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਤੇ ਜਨਰਲ ਸੁਬੇਗ ਸਿੰਘ ਸਮੇਤ ਹੋਰ ਸ਼ਹੀਦਾਂ ਦੀ ਯਾਦ 'ਚ ਸ਼੍ਰੋਮਣੀ ਕਮੇਟੀ ਵੱਲੋਂ ਸਾਲਾਨਾ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਇਸ ਸਮਾਗਮ ਮੌਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਖਾਲਸਾ ਸਮੇਤ ਕਈ ਪੰਥਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸ਼ਕਤੀ ਨੂੰ ਸੰਗਠਤ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਅਤੇ ਜਨਰਲ ਸਬੇਗ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕੀਤਾ।

ਸਮਾਗਮ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੀ ਸੰਗਤ ਨਾਲ ਵਿਚਾਰ ਸਾਂਝੇ ਗੀਤ ਅਤੇ ਜੂਨ 1984 ਦੇ ਘੱਲੂਘਾਰੇ ਨੂੰ ਉਸ ਸਮੇਂ ਦੀ ਸਰਕਾਰ ਦੀ ਮਨੁੱਖਤਾ ਮਾਰੂ ਕਾਰਵਾਈ ਕਿਹਾ।ਉਨ੍ਹਾਂ ਕਿਹਾ ਕਿ ਜੇ ਜੁਲਮ ਉਸ ਦਫ਼ਤ ਭਾਰਤ ਸਰਕਾਰ ਨੇ ਸਿੱਖਾਂ 'ਤੇ ਕੀਤਾ, ਉਸ ਨੇ ਅਬਦਾਲੀ ਵੱਲੋਂ ਕੀਤੇ ਜ਼ੁਲਮਾਂ ਨੂੰ ਦੀ ਪਿੱਛੇ ਛੱਡ ਦਿੱਤਾ। ਸਰਕਾਰ ਵੱਲੋਂ ਦਿੱਤੀ ਇਹ ਜਖਮ ਖਾਲਸਾ ਪੰਥ ਦੇ ਦਿਲਾਂ ਵਿੱਚੋਂ ਕਦ ਨਹੀਂ ਮਿਟ ਸਕਦੇ।ਇਸ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਐਡਦਕੋਟ ਹਰਜਿੰਦਰ ਸਿੰਘ ਧਾਮੀ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਰਾਂਵਾਲਿਆਂ ਦੇ ਸਪੁੱਤਰ ਭਾਈ ਈਬਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ, ਭਰਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ ਸਮੇਤ ਸ਼ਹੀਦਾਂ ਦੇ ਕਈ ਪਰਿਵਾਰਕ ਮੈਂਬਰਾਂ ਨੂੰ ਗੁਰੂ ਬਖ਼ਸ਼ਿਸ਼ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਸਿੱਖ ਸੰਘਰਸ਼ ਨਾਲ ਸਬੰਧਤ ਹੋਰ ਸ਼ਖ਼ਸੀਅਤਾਂ ਨੂੰ ਵੀ ਇਸ ਦੌਰਾਨ ਸਿਰਪਾਓ ਦੇ ਕੇ ਨਿਵਾਜਿਆ ਗਿਆ।ਸਮਾਗਮ ਦੌਰਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ,ਗਿਆਨੀ ਗੁਰਮੁੱਖ ਸਿੰਘ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਜੂਨੀਅਰ ਮੀਤ ਪ੍ਰਧਾਨ ਸ. ਅਵਤਾਰ ਸਿੰਘ ਗਿਆ, ਅੰਤ੍ਰਿੰਗ ਮੈਂਬਰ ਸ ਪਰਮਜੀਤ ਸਿੰਘ ਖਾਲਸਾ, ਸ ਮਲਕੀਤ ਸਿੰਘ ਚੰਗਾਲ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਰਾਮ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਸ ਭੁਪਿੰਦਰ ਸਿੰਘ ਭਲਵਾਨ, ਸ ਅਮਰਜੀਤ ਸਿੰਘ ਭਲਾਈਪੁਰ, ਸ ਜਗਸੀਰ ਸਿੰਘ ਮਾਗੇਆਣਾ, ਭਾਈ ਅਜਾਇਬ ਸਿੰਘ ਅਭਿਆਸੀ, ਸ ਸੁਖਦਰਸ਼ ਸਿੰਘ ਪੰਨੂ, ਸ੍ਰ ਬਲਦੇਵ ਸਿੰਘ ਚੂੰਘਾਂ, ਸ ਅਮਰੀਕ ਸਿੰਘ ਵਿਛੋਆ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ ਗੁਰਪ੍ਰੀਤ ਸਿੰਘ ਭੰਬਰ, ਬਾਬਾ ਟੇਕ ਸਿੰਘ, ਗੁਰਦੁਆਰਾ ਯਾਦਗਾਰ ਸ਼ਹੀਦਾਂ ਦੇ ਮੁਖ ਸੇਵਾਦਾਰ ਭਾਈ ਸੁਖਵਿੰਦਰ ਸਿੰਘ ਅਗਵਾਨ, ਬਾਬਾ ਸੁਖਵਿੰਦਰ ਸਿੰਘ ਮਲਕਪੁਰ ਮੈਂਬਰ ਪਾਰਲੀਮੈਂਟ ਸ ਸਿਮਰਨਜੀਤ ਸਿੰਘ ਮਾਨ, ਸ ਈਮਾਨ ਸਿੰਘ ਮਾਨ, ਸ ਨਰਾਇਣ ਸਿੰਘ ਚੌੜਾ, ਸ ਕੰਵਰਪਾਲ ਸਿੰਘ, ਭਾਈ ਜਸਬੀਰ ਸਿੰਘ ਘੁੰਮਣ, ਸ. ਹਰਸਿਮਰਨ ਸਿੰਘ, ਸਕੱਤਰ ਸ੍ਰ ਪ੍ਰਤਾਪ ਸਿੰਘ, ਓਐਸਡੀ ਸ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ ਸੁਖਮਿੰਦਰ ਸਿੰਘ, ਸ ਕੁਲਵਿੰਦਰ ਸਿੰਘ ਰਮਦਾਸ, ਸਬਲਵਿੰਦਰ ਸਿੰਘ



ਕਾਹਲਵਾਂ, ਸ ਬਿਜੈ ਸਿੰਘ, ਸ ਗੁਰਿੰਦਰ ਸਿੰਘ ਮਥਰੇਵਾਲ, ਸ ਸਿਮਰਜੀਤ ਸਿੰਘ, ਮੀਤ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਸ ਜਸਵਿੰਦਰ ਸਿੰਘ ਜੱਸੀ, ਦੇ ਸੁਖਦੇਵ ਸਿੰਘ, ਸ ਸ਼ਾਹਬਾਜ਼ ਸਿੰਘ, ਮਲਕੀਤ ਸਿੰਘ ਬਹਿੜਵਾਲ ਤੇ ਛਾ ਅਮਰਜੀਤ ਸਿੰਘ, ਸ. ਉਪਕਾਰ ਸਿੰਘ ਸੰਧੂ, ਪ੍ਰੋਫੈਸਰ ਬਲਜਿੰਦਰ ਸਿੰਘ, ਬੀਬੀ ਸੰਦੀਪ ਕੌਰ ਆਦਿ ਮੌਜੂਦ ਸਨ।

# ਭਾਰਤ ਵਿਚ ਪ੍ਰੈਸ ਦੀ ਆਜ਼ਾਦੀ ਕਮਜ਼ੋਰ ਹੋ ਰਹੀ:ਰਾਹੁਲ



ਵਾਸ਼ਿੰਗਟਨ:ਕਾਂਗਰਸ ਨੇਤਾ ਰਾਹੁਲ ਗਾਂਧੀ ਅਮਰੀਕਾ ਦੇ ਦੌਰੇ ਤੇ ਹਨ। ਵਾਸ਼ਿੰਗਟਨ ਡੀ.ਸੀ. ਵਿਚ ਉਨ੍ਹਾਂ ਕਿਹਾ ਕਿ ਭਾਰਤ ਵਿਚ ਪ੍ਰੈਸ ਦੀ ਆਜ਼ਾਦੀ ਕਮਜ਼ੋਰ ਹੋ ਰਹੀ ਹੈ, ਜੋ ਕਿਸੇ ਤੋਂ ਲੁਕੀ ਨਹੀਂ ਹੈ ਅਤੇ ਇਹ ਸਭ ਜਾਣਦੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਪ੍ਰੈਸ ਦੀ ਆਜ਼ਾਦੀ ਲੋਕਤੰਤਰ ਲਈ ਮਹੱਤਵਪੂਰਨ ਹੈ ਅਤੇ ਆਲੋਚਨਾ ਸੁਣੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਹ ਸਿਰਫ਼ ਪ੍ਰੈਸ ਦੀ ਆਜ਼ਾਦੀ ਹੀ ਨਹੀਂ ਹੈ ਬਲਕਿ ਹਰ ਥਾਂ ਅਜਿਹਾ ਹੋ ਰਿਹਾ ਹੈ ਅਤੇ ਇਸ ਦੇ ਨਾਲ ਹੀ ਸੰਸਥਾਗਤ ਢਾਂਚੇ ਨੂੰ ਵੀ ਘਟਾਇਆ ਜਾ ਰਿਹਾ ਹੈ।



# ਸਿਡਨੀ 'ਚ ਖ਼ਾਲਿਸਤਾਨ ਰਿਫਰੈਂਡਮ ਨੂੰ ਭਰਵਾਂ ਹੁੰਗਾਰਾ





ਸਿਡਨੀ(ਹਰਕੀਰਤ ਸਿੰਘ ਸੰਧਰ)- ਕਾਫ਼ੀ ਲੰਬੇ ਸਮੇਂ ਤੋਂ ਵਿਵਾਦ 'ਚ ਰਹੇ ਅਤੇ ਕਈ ਵਾਰ ਕੌਂਸਲ ਵਲੋਂ ਖਾਲਿਸਤਾਨ ਰਿਫਰੈਂਡਮ ਦੀ ਜਗ੍ਹਾ ਅਤੇ ਸਥਾਨ ਨੂੰ ਰੱਦ ਕਰਨ ਤੋਂ ਬਾਅਦ ਆਖਿਰ ਇਹ ਕੰਮ ਨੇਪਰੇ ਚੜ੍ਹਿਆ ਹੈ। ਸਿਡਨੀ ਦੇ ਇਲਾਕੇ 'ਚ ਅੱਜ ਖਾਲਿਸਤਾਨ ਰਿਫਰੈਂਡਮ ਕਰਵਾਇਆ ਗਿਆ, ਜਿੱਥੇ ਹਜ਼ਾਰਾਂ ਸਿੱਖ ਇਕੱਠੇ ਹੋਏ ਅਤੇ ਵੋਟਾਂ ਪਾਈਆਂ ਗਈਆਂ। ਇੱਥੇ ਦੱਸਣਯੋਗ ਹੈ ਕੇ ਵੱਖ-ਵੱਖ ਸਿੱਖ ਵਿਰੋਧੀਆਂ ਦੀਆਂ ਸ਼ਿਕਾਇਤਾਂ ਦੇ ਕਾਰਨ ਇਸ ਦੀ ਜਗ੍ਹਾ ਨੂੰ ਕਈ ਵਾਰ ਬਦਲਣਾ ਪਿਆ।

ਤਿੰਨ ਤਿੰਨ ਘੰਟੇ ਦੀ ਡਰਾਈਵ ਕਰਕੇ ਸਿੱਖ ਇਸ ਵੋਟਿੰਗ 'ਚ ਹਿੱਸਾ ਲੈਣ ਲਈ ਪਹੁੰਚੇ। ਸੁਖਜਿੰਦਰ ਸਿੰਘ ਨੇ ਦੱਸਿਆ ਕੇ ਸਿੱਖ ਆਪਣਾ ਵੱਖਰਾ ਦੇਸ਼ ਚਾਹੁਦੇ ਹਨ ਅਤੇ ਇਸ ਨੂੰ ਮੰਗਣਾ ਹਰ ਇਕ ਦਾ ਕਾਨੂੰਨੀ ਹੱਕ ਵੀ ਹੈ। ਇਸ ਮੌਕੇ ਖਾਲਿਸਤਾਨ ਰਿਫਰੈਂਡਮ 'ਚ ਖ਼ਲਲ ਪਾਉਣ ਲਈ ਤਿਰੰਗੇ ਝੰਡੇ ਲੈ ਕੇ ਵੀ ਪਹੁੰਚੇ, ਪਰ ਪੁਲਿਸ ਵਲੋਂ ਕੀਤੇ ਵਧੀਆ ਪ੍ਰਬੰਧਾਂ ਸਦਕਾ ਇਹ ਸਭ ਕੁੱਝ ਸ਼ਾਂਤੀ ਪੂਰਵਕ ਨੇਪਰੇ ਚੜ੍ਹਿਆ।

# ਪ੍ਰੈੱਸ ਦੀ ਆਜ਼ਾਦੀ ਨੂੰ ਪੈਰਾਂ ਹੇਠ ਰੋਂਦਣ ਵਾਲੇ ਅਮੀਰਾਂ ਦੇ ਹੱਕ ਵਿਚ ਹੀ ਨਿਤਰਦੇ ਹਨ

ਸ. ਬਰਜਿੰਦਰ ਸਿੰਘ ਹਮਦਰਦ ਦੇ ਘਰ ਇਕ ਅਜੀਬੋ-ਗ਼ਰੀਬ ਇਕੱਠ ਵੇਖਿਆ ਤਾਂ ਨਵਜੋਤ ਸਿੰਘ ਸਿੱਧੂ ਦੀ ਇਕ ਗੱਲ ਯਾਦ ਆ ਗਈ ਕਿ ''75-25 ਦੀ ਸਾਂਝ ਚਲਦੀ ਹੈ ਪੰਜਾਬ ਵਿਚ''। ਉਹ ਚੋਣਾਂ ਤੋਂ ਪਹਿਲਾਂ ਪੁਛਦੇ ਸਨ ਕਿ 75-25 ਦੀ ਸਾਂਝ ਕਿਸ ਦੀ ਹੈ? ਉਹ ਕਾਂਗਰਸ ਅਤੇ ਅਕਾਲੀ ਦਲ ਦੀ ਸਾਂਝ ਬਾਰੇ ਆਖਦੇ ਸਨ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪ੍ਰਵਾਰ ਵਿਚ ਇਹ ਸਮਝੌਤਾ ਹੋਇਆ ਹੈ। 1 ਜੂਨ ('84 ਨੂੰ ਆਪਰੇਸ਼ਨ ਬਲੂ ਸਟਾਰ ਸ਼ੁਰੂ ਹੋਣ) ਵਾਲੇ ਦਿਨ ਪੰਜਾਬ ਕਾਂਗਰਸ ਦੇ ਕਈ ਆਗੂ ਅਤੇ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਇਕੱਠੇ ਹੋ ਕੇ ਬੈਠੇ ਅਤੇ ਇਸ ਇਕੱਠ ਨੂੰ ਪ੍ਰੈੱਸ ਦੀ ਆਜ਼ਾਦੀ ਦਾ ਨਾਮ ਦੇ ਰਹੇ ਸਨ। ਸਾਂਝ ਕਿਸ ਦੀ ਕਿਸ ਨਾਲ ਹੈ, ਇਹ ਤਾਂ ਨਵਜੋਤ ਸਿੰਘ ਸਿੱਧੂ ਹੀ ਜਾਣਦੇ ਹੋਣਗੇ ਪਰ ਪ੍ਰੈੱਸ ਦੀ ਆਜ਼ਾਦੀ ਦਾ ਨਾਅਰਾ ਮੌਜੂਦਾ ਹਾਲਾਤ ਵਿਚ ਪੂਰੀ ਤਰ੍ਹਾਂ ਝੂਠਾ ਨਾਹਰਾ ਹੈ। ਇਕ ਸਰਕਾਰੀ ਸੰਸਥਾ ਦੇ ਮੁਖੀ ਰਹਿ ਚੁਕੇ ਵਿਅਕਤੀ ਕੋਲੋਂ ਖ਼ਰਚੇ ਗਏ ਸਰਕਾਰੀ ਧਨ ਬਾਰੇ ਪੁਛ ਪੜਤਾਲ ਦਾ ੀ ਉਸ ਦੇ ਅਖ਼ਬਾਰ ਨਾਲ ਕੋਈ ਵਾਸਤਾ ਨਹੀਂ ਹੈ, ਨਾ ਪ੍ਰੈਸ ਦੀ ਆਜ਼ਾਦੀ ਨਾਲ ਇਸ ਦਾ ਕੋਈ ਲੈਣਾ ਦੇਣਾ ਹੈ। ਇਹ ਕੇਵਲ ਸਰਕਾਰੀ ਖ਼ਜ਼ਾਨੇ ਦੀ ਵਰਤੋਂ ਦੀ ਪੜਤਾਲ ਦਾ ਮਾਮਲਾ ਹੈ। ਕੀ ਕਾਨੂੰਨ ਇਹ ਕਹਿੰਦਾ ਹੈ ਕਿ ਖ਼ਜ਼ਾਨੇ ਦੀ ਦੁਰਵਰਤੋਂ ਭਾਵੇਂ ਕਿੰਨੀ ਵੀ ਹੋਈ ਹੋਵੇ, ਜੇ ਬੰਦਾ ਅਖ਼ਬਾਰ ਦਾ ਐਡੀਟਰ ਵੀ ਹੈ, ਤਾਂ ਉਸ ਨੂੰ ਜਾਂਚ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ? ਬਰਜਿੰਦਰ ਸਿੰਘ ਹਮਦਰਦ ਜੀ 'ਤੇ ਇਕ ਸਰਕਾਰੀ ਟਰੱਸਟ ਦੀ ਜਾਂਚ ਵਿਰੁਧ ਖੜੇ ਹੋ ਕੇ ਪ੍ਰੈੱਸ ਦੀ ਆਜ਼ਾਦੀ ਦਾ ਝੂਠਾ ਰੌਲਾ ਪਾ ਰਹੇ ਹਨ ਤਾਂ ਇਹ ਪੂਰੀ ਤਰ੍ਹਾਂ ਗ਼ਲਤ ਹੈ। ਪ੍ਰੈੱਸ ਦੀ ਆਜ਼ਾਦੀ ਖ਼ਤਰੇ ਵਿਚ ਹੈ, ਇਸ ਬਾਰੇ ਕੋਈ ਦੋ ਰਾਏ ਨਹੀਂ, ਪਰ ਇਸ ਮਾਮਲੇ ਵਿਚ ਗੱਲ ਪ੍ਰੈੱਸ ਦੀ ਜ਼ਿੰਮੇਵਾਰੀ ਦੀ ਹੈ। ਜੇ ਕਿਸੇ ਕਾਰਨ ਹਮਦਰਦ ਸਾਹਿਬ ਤੋਂ ਪੈਸਿਆਂ ਦੇ ਮਾਮਲੇ ਵਿਚ ਵਿਜੀਲੈਂਸ ਜਵਾਬ ਪੁੱਛ ਰਹੀ ਹੈ ਤਾਂ ਉਨ੍ਹਾਂ ਨੂੰ ਨਿਡਰ ਹੋ ਕੇ ਜਵਾਬ ਦੇਣਾ ਚਾਹੀਦਾ ਹੈ, ਖ਼ਾਸ ਕਰ ਕੇ ਜੇ ਉਨ੍ਹਾਂ ਕੁਝ ਗ਼ਲਤ ਨਹੀਂ ਕੀਤਾ। ਸਚਾਈ ਇਹ ਹੈ ਕਿ ਪ੍ਰੈਸ ਦੀ ਆਜ਼ਾਦੀ ਨੂੰ ਪੈਰਾਂ ਹੇਠ ਰੋਂਦਣ ਵਾਲੇ ਇਹ ਸਿਆਸੀ ਆਗੂ ਅਮੀਰਾਂ ਦੇ ਹੱਕ ਵਿਚ ਹੀ ਨਿਤਰਦੇ ਹਨ।

ਧੰਨਵਾਦ ਸਹਿਤ ਸਪੋਕਸਮੈਨ







## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਇਸ ਹਫਤੇ ਦੇ ਪ੍ਰੋਗਰਾਮ

ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ।

1. ਨਗਰ ਕੁਰਾਲੀ ਜ਼ਿਲ੍ਹਾ ਕਪੂਰਥਲਾ 2. ਭਾਈ ਗੁਰਵਿੰਦਰ ਸਿੰਘ ਪਰਿਵਾਰ ਵੱਲੋਂ 3. ਨਗਰ ਲੋਹਗੜ ਜ਼ਿਲ੍ਹਾ ਬਰਨਾਲਾ ਦੀਆਂ ਸੰਗਤਾਂ ਵੱਲੋਂ ਇਹ ਅਖੰਡਪਾਠ 9 ਜੂਨ ਦਿਨ ਸ਼ੁੱਕਰਵਾਰ ਨੂੰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 11 ਜੂਨ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*9 ਜੂਨ ਦਿਨ ਸ਼ੁੱਕਰਵਾਰ ਸਵੇਰੇ ਕਾਕਾ ਕੰਵਰ ਮਨਵੀਰ ਸਿੰਘ ਦਾ ਅਨੰਦਕਾਰਜ ਹੋਵੇਗਾ।

*10 ਜੂਨ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਗੁਰਸ਼ਰਨ ਸਿੰਘ ਅਟਵਾਲ ਵੱਲੋਂ ਆਪਣੀ ਬੇਟੀ ਰਮਨੀਤ ਕੌਰ ਅਟਵਾਲ ਦੇ 16ਵੇਂ ਜਨਮ ਦਿਨ ਦੀ ਖੁਸ਼ੀ ਵਿਚ
2. ਬੀਬੀ ਭੁਪਿੰਦਰ ਕੌਰ ਪਰਿਵਾਰ ਵੱਲੋਂ

*11 ਜੂਨ ਦਿਨ ਐਤਵਾਰ ਦੁਪਹਿਰ 2 ਵਜੇ ਸਵ. ਰੇਸ਼ਮ ਸਿੰਘ ਕੈਲੇ ਦਾ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ 3.30 ਵਜੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*11 ਜੂਨ ਦਿਨ ਐਤਵਾਰ ਸ਼ਾਮ 3 ਵਜੇ ਬੀਬੀ ਗੁਰਮੇਲ ਕੌਰ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ। ਉਪਰੰਤ ਗੁਰੂਘਰ ਵਿਖੇ 3.30 ਵਜੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*11 ਜੂਨ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਗੁਰਮੀਤ ਸਿੰਘ ਸਿੱਧੂ ਪਰਿਵਾਰ ਵੱਲੋਂ 2. ਬੀਬੀ ਨਛੱਤਰ ਕੌਰ ਕੂਨਰ ਪਰਿਵਾਰ ਵੱਲੋਂ

*14 ਜੂਨ ਦਿਨ ਬੁੱਧਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਭਾਈ ਪਰਮਜੀਤ ਸਿੰਘ ਝੁਟੀ ਪਰਿਵਾਰ ਵੱਲੋਂ ਹੋਵੇਗੀ।

ਵਿਸ਼ੇਸ਼ ਨੋਟ:ਸ੍ਰੀ ਗੁਰੂ ਸਿੰਘ ਸਭਾ ਗੁਰੂਘਰ ਵਿਖੇ 11 ਜੂਨ ਦਿਨ ਐਤਵਾਰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਅੱਖਾਂ ਦੀ ਚੈਕਅੱਪ ਲਈ ਕੈਂਪ ਰਾਗੀ ਸੈਂਟਰ ਵਾਲੇ ਪਾਸੇ ਲੱਗੇਗਾ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਵਿਰੋਧੀ ਆਗੂ ਪੰਜਾਬੀਆਂ ਦੇ ਮਨੋਂ ਲੱਥ ਚੁੱਕੇ ਲੋਕਾਂ ਦੀ 'ਜੁੰਡਲੀ':ਮਾਨ

ਖਰੜ:-ਸਰਕਾਰੀ ਖੇਤਰਾਂ ਪ੍ਰਤੀ ਪਿਛਲੀਆਂ ਸਰਕਾਰਾਂ ਦੀ ਬੇਰੁਖੀ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਪਿਛਲੀਆਂ ਹਕੂਮਤਾਂ ਮੌਕੇ ਰਵਾਇਤੀ ਪਾਰਟੀਆਂ ਦੇ ਆਗੂ ਸਿਹਤ, ਸਿੱਖਿਆ, ਟਰਾਂਸਪੋਰਟ ਤੇ ਹੋਰ ਖੇਤਰਾਂ ਵਿਚ ਪ੍ਰਾਈਵੇਟ ਲੋਕਾਂ ਦੀ ਇਜਾਰੇਦਾਰੀ ਕਾਇਮ ਕਰਵਾਉਣ ਲਈ ਸਰਕਾਰੀ ਅਦਾਰਿਆਂ ਨੂੰ ਬੁਰੀ ਤਰ੍ਹਾਂ ਰੋਲ ਦਿੰਦੇ ਸਨ, ਤਾਂ ਕਿ ਲੋਕਾਂ ਕੋਲ ਕੋਈ ਰਾਹ ਨਾ ਬਚੇ। ਇਨ੍ਹਾਂ ਸਿਆਸਤਦਾਨਾਂ ਲਈ 'ਜਿਹੜੇ ਰਾਜ ਦਾ ਰਾਜਾ ਵਪਾਰੀ, ਉਸ ਰਾਜ ਦੀ ਜਨਤਾ ਭਿਖਾਰੀ' ਦਾ ਕਥਨ ਵਰਤਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਿਆਸਤਦਾਨ ਆਪਣਾ ਕਾਰੋਬਾਰ ਵਧਾਉਣ ਲਈ ਏਨੇ ਲਾਲਚੀ ਹੁੰਦੇ ਸਨ ਕਿ ਵੱਧ ਗਾਹਕਾਂ ਵਾਲੀ ਗੋਲ-ਗੱਪਿਆਂ ਦੀ ਰੇਹੜੀ ਵਿਚ ਹਿੱਸਾ-ਪੱਤੀ ਪਾਉਣ ਤੋਂ ਗੁਰੇਜ਼ ਨਹੀਂ ਕਰਦੇ ਸਨ।

ਵਿਰੋਧੀ ਪਾਰਟੀਆਂ ਦੇ ਲੀਡਰਾਂ ਨੂੰ ਪੰਜਾਬੀਆਂ ਦੇ ਮਨੋਂ ਲੱਥ ਚੁੱਕੇ ਲੋਕਾਂ ਦੀ 'ਜੁੰਡਲੀ' ਦੱਸਦਿਆਂ ਭਗਵੰਤ ਮਾਨ ਨੇ ਕਿਹਾ ਕਿ ਮੁੱਦਾਹੀਣ ਹੋਏ ਇਹ ਲੀਡਰ ਨਿੱਜੀ ਤੌਰ ਉਤੇ ਦੂਸ਼ਣਬਾਜ਼ੀ ਉਤੇ ਉਤਰ ਆਉਂਦੇ ਹਨ। ਮੁੱਖ ਮੰਤਰੀ ਨੇ ਕਿਹਾ, 'ਇਨ੍ਹਾਂ ਲੋਕਾਂ ਦੀਆਂ ਪੰਜਾਬ ਦੇ ਖਜ਼ਾਨੇ ਨੂੰ ਲੁੱਟਣ ਵਾਲੀਆਂ ਦੁਕਾਨਾਂ ਹੁਣ ਬੰਦ ਹੋ ਚੁੱਕੀਆਂ ਹਨ, ਜਿਸ ਕਰਕੇ ਕੋਈ ਹੋਰ ਰਾਹ ਨਾ ਬਚਣ ਕਰਕੇ ਹੁਣ ਇਹ ਸਾਰੇ ਇਕ ਬੇੜੇ ਵਿਚ ਸਵਾਰ ਹੋ ਕੇ ਆਪਣੇ ਸਿਆਸੀ ਜੀਵਨ ਨੂੰ ਬਚਾਉਣ ਲਈ ਹੱਥ-ਪੈਰ ਮਾਰ ਰਹੇ ਹਨ।


ਬਿਲਨ ਫਾਰਮਜ਼ ਲਿਮਟਡ

ਸਾਨੂੰ ਬੇਰੀ ਤੋੜਨ ਵਾਲੇ
ਵਰਕਰਾਂ ਦੀ ਲੋੜ ਹੈ।

- ਸਟੂਡੇਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬਾਹਰ ਤੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਾਨੂੰ ਕਲਾਸ 4 ਡਰਾਈਵਰਾਂ ਦੀ ਜ਼ਰੂਰਤ ਹੈ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।




ਜਰਨੈਲ ਸਿੰਘ ਬਿਲਨ 604-250-2703
ਜਸਵਿੰਦਰ ਬੱਲ 604-230-9506
ਭੁਪਿੰਦਰ ਕੌਰ ਸਰਾਂ 778-837-4410
ਭਜਨ ਸਿੰਘ 604-726-3405
ਗੁਰਜੀਤ ਬੋਇਆਲ 604-812-1115
ਦਵਿੰਦਰ (ਦੀਨਾ) 778-892-4410
ਤੇਜਵੰਤ ਕੌਰ ਮਾਨ 604-724-5060



ATLAS ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar & Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਸਿਹਤ ਸੰਬੰਧੀ





# ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਹੋਮਿਓਪੈਥੀ

ਉਂਝ ਤਾਂ ਭੁੱਲਣ ਦੀ ਸਮੱਸਿਆ ਕਿਸੇ ਨੂੰ ਵੀ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਹੋ ਸਕਦੀ ਹੈ, ਪਰ ਕਈਆਂ ਵਿੱਚ ਵਧਦੀ ਉਮਰ ਦੇ ਨਾਲ-ਨਾਲ ਭੁਲੱਕੜਪੁਣਾ ਵਧਣਾ ਦਿਖਾਈ ਦਿੰਦਾ ਹੈ। ਇਸ ਲੇਖ ਰਾਹੀਂ ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਯਾਦਾਸ਼ਤ ਦੀ ਘਾਟ ਜਾਂ ਯਾਦਾਸ਼ਤ ਗਵਾਉਣ ਦੇ ਵਿਸ਼ੇ ’ਤੇ ਚਾਨਣ ਪਾਇਆ ਜਾਵੇਗਾ।

ਦਿਮਾਗ ਨੂੰ ਮਿਲਦੀ ਖ਼ੁਰਾਕ “ਨਿਊਰੋਟ੍ਰਾਂਸਮਿਟਰ” ਦੀ ਉਪਜ ਵਾਸਤੇ ਇੰਧਣ ਦਾ ਕੰਮ ਕਰਨ ਦੇ ਨਾਲ-ਨਾਲ “ਐਂਟੀ ਆਕਸੀਡੈਂਟ” ਨੂੰ ਵੀ ਬਰਕਰਾਰ ਰੱਖਦੀ ਹੈ। ਭੁੱਲਣ ਦੀ ਬਿਮਾਰੀ ਦੇ ਪਿੱਛੇ ਅਨੇਕਾਂ ਕਾਰਣ ਹੋ ਸਕਦੇ ਹਨ ਜਿਨ੍ਹਾਂ ਤੋਂ ਆਮ ਜ਼ਿੰਦਗੀ ਵਿੱਚ ਆਸਾਨੀ ਨਾਲ ਬਚਿਆ ਜਾ ਸਕਦਾ ਹੈ।

ਅਲੂਮਨਮ, ਸਿੱਕਾ (ਲੈੱਡ), ਮਰਕਰੀ (ਪਾਰਾ), ਅਤੇ ਵਾਧੂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਖੇਤਾਂ ਵਿੱਚ ਉਗਾਈ ਭੋਜਨ ਸਮੱਗਰੀ ਖਾਣ ਨਾਲ ਜਿੱਥੇ ਦਿਮਾਗ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਉੱਥੇ ਹੀ ਦਿਮਾਗ ਨੂੰ ਸੀਲੇਨੀਏਮ, ਵਿਟਾਮਿਨ ਈ ਅਤੇ ਫ਼ੋਲਿਕ ਐਸਿਡ ਜਿਹੇ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਦੀ ਵੀ ਘਾਟ ਹੋ ਜਾਂਦੀ ਹੈ। ਬਜ਼ੁਰਗਾਂ ਵਿੱਚ “ਅਲਜ਼ਾਈਮਰਜ਼” (ਭੁੱਲਣ ਦੀ ਬਿਮਾਰੀ) ਇੱਕ ਭਿਆਨਕ ਬਿਮਾਰੀ ਹੈ ਜਿਸ ਦੇ ਕਾਰਣ ਅਸਪਸ਼ਟ ਹਨ। ਅਮਰੀਕਾ ਵਿੱਚ 65 ਸਾਲ ਤੋਂ ਵਡੇਰੀ ਉਮਰ ਦੇ ਲਗਭਗ 10% ਬਜ਼ੁਰਗ ਇਸ ਬਿਮਾਰੀ ਨਾਲ ਪੀੜਤ ਹਨ। 40 ਤੋਂ 65 ਸਾਲ ਦੇ ਉਮਰ ਵਰਗ ਵਿੱਚ ਲਗਭਗ 5% ਵਿਅਕਤੀ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਭੁੱਲਣ ਦੀ ਆਦਤ 20 ਤੋਂ 40 ਸਾਲ ਦੀ ਉਮਰ ਵਿਚਕਾਰ ਵੀ ਸ਼ੁਰੂ ਹੋ ਸਕਦੀ ਹੈ, ਪਰ ਇਹ ਵੇਖਣ ਵਿੱਚ ਵੀ ਆਇਆ ਹੈ ਕਿ ਲਗਭਗ 40% ਕੇਸਾਂ ਵਿੱਚ ਇਸ ਬਿਮਾਰੀ ਦੀ ਸਹੀ ਪਛਾਣ ਹੀ ਨਹੀਂ ਹੁੰਦੀ।

ਡਮੈਨਸ਼ੀਆ ਜਾਂ ਦਿਮਾਗੀ ਨਿਘਾਰ ਦਾ ਪਤਾ ਕਰਨ ਲਈ ਦਿਮਾਗ ਦੀ ਨਾੜੀਆਂ ਦੇ ਸਖ਼ਤ ਹੋਣ ਜਾਂ ਅਧਰੰਗ ਦੇ ਛੋਟੇ-ਛੋਟੇ ਦੌਰੇ ਪੈਣ ਜਿਹੇ ਹੋਰਨਾਂ ਸੰਭਾਵੀ ਕਾਰਣਾਂ ਦੀ ਪਰਖ ਕੀਤੀ ਜਾਣੀ ਵੀ ਜ਼ਰੂਰੀ ਹੈ। ਸਰੀਰ ਵਿੱਚ ਪਾਣੀ ਦੀ ਕਮੀ, ਉਦਾਸੀ ਰੋਗ ਅਤੇ ਨਸ਼ੇ ਦੀ ਆਦਤ ਵੀ ਇਸ ਰੋਗ ਵਿੱਚ ਯੋਗਦਾਨ ਪਾ ਸਕਦੀਆਂ ਹਨ। ਦਿਮਾਗੀ ਸਿਹਤ ਵਾਸਤੇ ਜਿੱਥੇ ਸਰੀਰਕ ਕਸਰਤ ਅਤੇ ਦਿਮਾਗੀ ਕਸਰਤ ਦੀ ਵੱਡੀ ਭੂਮਿਕਾ ਹੈ, ਉੱਥੇ ਹੀ ਸਾਡੀ ਜੀਵਨ ਸ਼ੈਲੀ ਅਤੇ ਭੋਜਨ ਉੱਤੇ ਵੀ ਇੱਕ ਚੰਗੀ ਦਿਮਾਗੀ ਸਿਹਤ ਉਸਰਦੀ ਹੈ। ਹੇਠਾਂ ਦਿੱਤੇ ਕੁਝ ਫਲ ਅਤੇ ਸਬਜ਼ੀਆਂ ਦਿਮਾਗੀ ਸਿਹਤ ਅਤੇ ਯਾਦਾਸ਼ਤ ਨੂੰ ਸਹੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ:

- ਐਵੋਕਾਡੋ
- ਚੁਕੰਦਰ
- ਬਲੂਬੈਰੀਆਂ
- ਬ੍ਰੌਕਲੀ
- ਸੈਲਰੀ
- ਖੋਪੇ ਦਾ ਤੇਲ
- ਡਾਰਕ ਚਾਕਲੇਟ





ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579



- ਅੰਡੇ ਦਾ ਯੋਕ
- ਐਕਸਟ੍ਰਾ ਵਰਜਿਨ ਆਲਿਵ ਓਇਲ
- ਹਰੀਆਂ ਸਬਜ਼ੀਆਂ
- ਰੋਜ਼ਮੈਰੀ
- ਸੈਲਮਨ
- ਹਲਦੀ
- ਅਖਰੋਟ

ਹੋਮਿਓਪੈਥਿਕ ਉਪਚਾਰ:

ਦਿਮਾਗੀ ਸਿਹਤ ਦੀ ਦੇਖਭਾਲ ਅਤੇ ਤੰਦਰੁਸਤੀ ਵਾਸਤੇ ਹੋਮਿਓਪੈਥੀ ਦੀਆਂ ਕਾਰਗਰ ਦਵਾਈਆਂ ਸਹਾਇਕ ਹੋ ਸਕਦੀਆਂ ਹਨ ਜਿਨ੍ਹਾਂ ਰਾਹੀਂ ਦਿਮਾਗ ਨੂੰ ਪੋਸ਼ਣ ਅਤੇ ਆਕਸੀਜਨ ਦੀ ਲੋੜੀਂਦੀ ਸਪਲਾਈ ਮਿਲਦੀ ਹੈ। ਸਹੀ ਦਵਾਈ ਦੀ ਵਰਤੋਂ ਨਾਲ “ਨਿਊਰੋਟ੍ਰਾਂਸਮਿਟਰ ਪ੍ਰਣਾਲੀ” ਉੱਪਰ ਵਧੀਆ ਪ੍ਰਭਾਵ ਪੈਂਦਾ ਹੈ। ਹੋਮਿਓਪੈਥਿਕ ਦਵਾਈਆਂ ਰਾਹੀਂ ਦਿਮਾਗੀ ਇਕਾਗਰਤਾ ਅਤੇ ਯਾਦਾਸ਼ਤ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਵਾਸਤੇ ਮਦਦ ਮਿਲ ਸਕਦੀ ਹੈ। ਯਾਦਾਸ਼ਤ ਦੀਆਂ ਮਾਮੂਲੀ ਸਮੱਸਿਆਵਾਂ ਵਿੱਚ ਹੋਮਿਓਪੈਥੀ ਦੀ “30 ਪੋਟੈਂਸੀ” ਦੀ ਢੁਕਵੀਂ ਦਵਾਈ ਲਈ ਜਾ ਸਕਦੀ ਹੈ। ਪਰ, ਵਿਗੜੀ ਹੋਈ ਯਾਦਾਸ਼ਤ ਦੀ ਸਥਿਤੀ ਵਿੱਚ ਸਹੀ ਦਵਾਈ ਦੀ ਛੋਟੀ ਤੋਂ ਛੋਟੀ ਤਾਕਤ ਲੈਣੀ ਫ਼ਾਇਦੇਮੰਦ ਹੋ ਸਕਦੀ ਹੈ। ਢੁਕਵੀਂ ਦਵਾਈ ਅਤੇ ਉਸ ਦੀ ਸਹੀ ਪੋਟੈਂਸੀ ਦੀ ਚੋਣ ਸਿਰਫ਼ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਕਰ ਸਕਦਾ ਹੈ ਅਤੇ ਆਪਣੇ ਬਗ਼ੈਰ ਮਾਹਿਰ ਸਲਾਹ ਤੋਂ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਲੱਛਣਾ ਮੁਤਾਬਕ ਕੁਝ ਦਵਾਈਆਂ ਜਿਵੇਂ ਕਿ ਅਨਾਕਾਰਡੀਅਮ, ਬ੍ਰੈਟਾ ਕਾਰਬ, ਕੋਨੀਅਮ, ਲਾਇਕੋਪੋਡੀਅਮ, ਥੂਜਾ ਆਦਿ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।



End Your Addiction
at Night and Day Recovery Centre

*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca





Hi Class
JEWELLERS LTD.
JALANDHAR WALE
DEALS IN BEST QUALITY JEWELLERY
SPECIALISTS IN 22 - 24 KT.

ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਸ਼ਰਲਾ (ਪਤੀ ਨੂੰ) ਮੇਰੇ ਕੋਲ ਸਬੂਤ ਹੈ ਕਿ ਤੇਰਾ ਗੁਆਂਢਣ ਬਬਲੀ ਨਾਲ ਚਕਰ ਚੱਲ ਰਿਹੈ!

ਰਮੇਸ਼:ਕੀ ਸਬੂਤ ਹੈ?

ਸ਼ਰਲਾ: ਉਸਦਾ ਪਤੀ ਕੱਲ ਰਾਤ ਤੇਰਾ ਕੱਛਾ ਪਹਿਨਕੇ ਆਇਆ ਸੀ!!!!

************

ਸੰਤਾ: ਮੈਨੂ ਲਗਦਾ ਹੈ ਤੈਨੂੰ ਅੱਜ ਡਾਕਟਰ ਕੋਲ ਜਾਣਾ ਚਾਹੀਦਾ ਹੈ.

ਬੰਤਾ: ਹਾਂ ਯਾਰ ਅੱਜ ਤਾਂ ਮੇਰੀ ਤਬੀਅਤ ਠੀਕ ਨਹੀਂ, ਦੇਖਦਾ ਹਾਂ ਜੇ ਕਲ ਠੀਕ ਹੋ ਗਿਆ ਤਾਂ ਕਲ ਜਾਵਾਂਗਾ।

ਸੰਤਾ: ਬਾਈਕ ਤੇ ਜਾ ਰਿਹਾ ਸੀ। ਰਾਹ ਵਿੱਚ ਤੁਰੇ ਜਾਂਦੇ ਸੰਤੇ ਨੂੰ ਬੰਤਾ ਨੂੰ ਪੁਛਦਾ ਹੈ, ਕੀ ਲਿਫਟ ਚਹੀਦੀ ਹੈ?

ਬੰਤਾ: ਨਹੀਂ ਮੇਰਾ ਘਰ ਤਾਂ ਜ਼ਮੀਨੀ ਮੰਜ਼ਿਲ ਤੇ ਹੀ ਹੈ।

************

ਸੰਤਾ: ਓਏ ਬੰਤਾ, ਕਾਰ ਦੀ ਸਪੀਡ ਕਿਉਂ ਵਧਾ ਰਿਹਾ ਏ

ਬੰਤਾ: ਕਾਰ ਦੀ ਬਰੇਕ ਫੇਲ ਹੋ ਗਈ, ਇਸਤੋ ਪਹਿਲੋਂ ਕੋਈ ਦੁਰਘਟਨਾ ਹੋ ਜਾਵੇ, ਘਰ ਜਲਦੀ ਪਹੁੰਚ ਜਾਂਦੇ ਹਾਂ।

************

## ਕੁੜੀ –ਮੁੰਡੇ ਦੀ ਲੜਾਈ

ਮੁੰਡਾ :- ਇਹ ਕੁੜੀਆਂ ਬਸ ਵਰਗੀਆਂ ਹੁੰਦੀਆਂ ਨੇ ਇੱਕ ਗਈ ਤੇ ਦੂਜੀ ਆਈ...

ਮੋਹਰਿਓਂ ਕੁੜੀ ਕਹਿੰਦੀ :–ਏਹ ਮੁੰਡੇ ਰਿਕਸ਼ੇ ਵਰਗੇ ਹੁੰਦੇ ਨੇ ਇੱਕ ਨੂੰ ਅਵਾਜ ਮਾਰੋ 3 –4 ਆ ਜਾਂਦੇ ਨੇ..

************

ਮੈਂ ਮੰਦਿਰ ਗਿਆ ਇੱਕ ਬਾਬਾ ਕਹਿੰਦਾ:- 10 ਰੁਪਏ ਦੇ ਦੇ !

ਮੈਂ 10 ਰੁਪਏ ਕੱਢ ਕੇ ਦੇ ਦਿੱਤੇ

ਬਾਬਾ ਕਹਿੰਦਾ :–ਮੈਂ ਖੁਸ਼ ਹੋ ਗਿਆ, ਬੱਚਾ,

ਮੰਗ ਕੀ ਮੰਗਦਾ ?

ਮੈਂ ਕਿਹਾ:- ਬਾਬਾ,ਮੇਰੇ 10 ਰੁਪਏ ਵਾਪਸ ਦੇ ਦੇ

************

## ਰੱਬ ਨਾਲ ਸੌਦਾ

ਮਿੱਠੂ ਸਮੁੰਦਰ ਚ ਡੁੱਬਣ ਲੱਗਦਾ ਮਿੱਠੂ – ਰੱਬਾ ਮੈਨੂ ਬਚਾ ਲਾ ਮੈਂ ਭੁੱਖੇ ਲੋਕਾਂ ਨੂੰ ਪਕੌੜੇ ਖਵਾਊਂ।

ਜਦੇ ਇੱਕ ਤੇਜ ਲਹਿਰ ਆਉਂਦੀ ਆ ਤੇ ਮਿੱਠੂ ਨੂੰ ਕੰਡੇ ਤੇ ਸੁੱਟ ਦਿੰਦੀ ਆ।

ਮਿੱਠੂ ਓਪਰ ਨੂੰ ਮੂੰਹ ਕਰਕੇ – ਕਿਹੜੇ ਪਕੌੜੇ ?

ਜਦੇ ਇਕ ਲਹਿਰ ਫਿਰ ਆਉਂਦੀ ਆ ਤੇ ਮਿੱਠੂ ਨੂੰ ਫੇਰ ਸਮੁੰਦਰ ਚ ਲੈ ਜਾਦੀ ਆ!

ਮਿੱਠੂ – ਓਹ ਰੱਬਾ ਮੈਂ ਤਾਂ ਇਹ ਪੁੱਛਿਆ ਵੀ ਪਕੌੜੇ ਕਿਹੜੇ ਖਵਾਵਾਂ ... ?

ਪਨੀਰ ਆਲੇ ਕਿ ਪਾਲਕ ਆਲੇ...

************

ਪਤਨੀ- ਜੋ ਤੁਸੀਂ ਫੇਸਬੁੱਕ 'ਤੇ ਰੋਜ਼ ਰੋਮਾਂਟਿਕ ਸ਼ਾਇਰੀ ਲਿਖਦੇ ਹੋ ਕਿ 'ਯੇ ਤੇਰੀ ਜ਼ੁਲਫੇਂ ਹੈ ਜੈਸੇ ਰੇਸ਼ਮ ਕੀ ਡੋਰ'।

ਤੁਸੀਂ ਇਹ ਕਿਸਦੇ ਲਈ ਲਿਖ ਰਹੇ ਹੋ?

ਪਤੀ – ਮੈਂ ਸਿਰਫ਼ ਤੇਰੇ ਲਈ ਹੀ ਲਿਖਦਾ ਹਾਂ, ਮੇਰੇ ਪਿਆਰੀ!

ਘਰਵਾਲੀ – ਫਿਰ ਏਨਾ ਰੌਲਾ ਕਿਉਂ ਪਾਉਂਦੇ ਹੋ ਜੇ ਉਹੀ ਰੇਸ਼ਮੀ ਡੋਰ ਕਦੇ-ਕਦੇ ਦਾਲਾਂ ਵਿੱਚ ਆ ਜਾਵੇ...

************

ਸੰਤਾ- ਪਹਿਲਾਂ ਕੀ ਆਇਆ.... ਆਂਡਾ ਆਇਆ ਜਾਂ ਮੁਰਗੀ?

ਬੰਤਾ – ਪਹਿਲਾਂ ਚੱਟਣੀਂ ਆਈ, ਫਿਰ ਆਂਡਾ ਅਤੇ ਫਿਰ ਮੁਰਗੀ, ਫਿਰ 1 ਬੀਅਰ ਅਤੇ ਪਾਣੀ ਦੀ ਬੋਤਲ।

ਬਿੱਲ ਤਾਂ ਉਸਨੇ ਆਖਰ ਵਿੱਚ ਦਿੱਤਾ।

************

ਪਿਓ (ਪੁੱਤ ਨੂੰ) – ਗੁਆਂਢੀਆਂ ਦੀ ਕੁੜੀ ਵੱਲ ਦੇਖ...

ਇਮਤਿਹਾਨ ਵਿੱਚ ਹਮੇਸ਼ਾ ਫਸਟ ਆਉਂਦੀ ਹੈ..!

ਪੁੱਤ – ਬਾਪੂ, ਉਸ ਨੂੰ ਹੀ ਵੇਖਦਾ ਸੀ,

ਇਸੇ ਲਈ ਫੇਲ ਹੋ ਗਿਆ...!

************

ਅੱਧੀ ਰਾਤ ਨੂੰ ਇੱਕ ਅਜਨਬੀ ਕੁੜੀ ਨੇ ਵਕੀਲ ਮੁੰਡੇ ਨੂੰ ਫੋਨ ਕਰਕੇ ਕਿਹਾ...

ਕੁੜੀ – ਕੀ ਤੁਸੀਂ ਮੇਰੀ ਦੋਸਤ ਬਣੋਗੇ?

ਵਕੀਲ – ਹਾਂ ਕਿਉਂ ਨਹੀਂ, ਤੁਹਾਡਾ ਨਾਮ ਕੀ ਹੈ?

ਕੁੜੀ: ਧਾਰਾ

ਵਕੀਲ- ਕਿਹੜੀ ਧਾਰਾ 144 ਜਾਂ 145

************

ਸੁਭਾਸ਼ (ਸੁਰਜੀਤ ਨੂੰ), ਤੂੰ ਸ਼ੀਸ਼ੇ ਅੱਗੇ ਬੈਠ ਕੇ ਕਿਉਂ ਪੜ੍ਹਦਾ ਏਂ?

ਸੁਰਜੀਤ:- ਇਸ ਦੇ ਤਿੰਨ ਫਾਇਦੇ ਹਨ।

ਸੁਭਾਸ਼, ਕਿਹੜੇ-ਕਿਹੜੇ?

ਸੁਰਜੀਤ:- ਖੁਦ 'ਤੇ ਨਜ਼ਰ ਰਹਿੰਦੀ ਹੈ, ਨਾਲ ਹੀ ਰਿਵੀਜ਼ਨ ਵੀ ਹੋ ਜਾਂਦੀ ਹੈ ਅਤੇ

ਤੀਜਾ, ਪੜ੍ਹਨ ਲਈ ਕੰਪਨੀ ਵੀ ਮਿਲ ਜਾਂਦੀ ਹੈ।

************

ਗਗਨ:- ਸਟੇਸ਼ਨ ਜਾਣ ਦੇ ਕਿੰਨ ਲਵੋਗੇ ?

ਰਿਕਸ਼ੇ ਵਾਲਾ:- 50 ਰੁਪਏ।

ਗਗਨ:-20 ਰੁਪਏ ਲੈ ਲਉ।

ਰਿਕਸ਼ੇ ਵਾਲਾ:- 20 ਵਿੱਚ ਕੌਣ ਲੈ ਕੇ ਜਾਵੇਗਾ ?

ਗਗਨ;-ਤੂੰ ਪਿੱਛੇ ਬੈਠ, ਮੈਂ ਲੈ ਕੇ ਜਾਵਾਂਗਾ।

************

ਕੁੱਤਾ ਨੀਂਦ ਤੋਂ ਜਾਗਿਆ। ਅੰਗੜਾਈ ਲਈ ਤੇ ਦਰੱਖਤ ਦੀਆਂ ਜੜ੍ਹਾਂ ਨੂੰ ਸੁੰਘਕੇ ਪਿਸ਼ਾਬ ਕੀਤਾ ਤੇ ਅਗਾਂਹ ਤੁਰ ਪਿਆ। ਇੱਕ ਆਦਮੀ ਉਸ ਰਸਤਿਓਂ ਲੰਘਣ ਲੱਗਾ,ਉਸਨੂੰ ਵੀ ਪਿਸ਼ਾਬ ਦਾ ਜ਼ੋਰ ਪਿਆ। ਉਸਨੇ ਵੀ ਦਰੱਖਤ ਦੀਆਂ ਜੜ੍ਹਾਂ ਵਿੱਚ ਪਿਸ਼ਾਬ ਕਰ ਦਿੱਤਾ।ਕੁਝ ਦੇਰ ਬਾਅਦ ਉੱਥੋਂ ਦੋ ਔਰਤਾਂ ਲੰਘਣ ਲੱਗੀਆਂ। ਉਨ੍ਹਾਂ ਦੇ ਹੱਥਾਂ ਵਿੱਚ ਥਾਲ ਸਨ। ਥਾਲ ਵਿੱਚ ਫੁੱਲ, ਮਿੱਠਾ ਤੇ ਚੌਲ। ਉਨ੍ਹਾਂ ਅਗਾਂਹ ਪਹੁੰਚਣ ਤੋਂ ਪਹਿਲਾਂ ਜਦੋਂ ਤੱਕਿਆ ਕਿ ਦਰੱਖਤ ਦੀਆਂ ਜੜ੍ਹਾਂ ਵਿੱਚ ਕਿਸੇ ਨੇ ਸ਼ਰਧਾ ਵਜੋਂ ਪਾਣੀ ਦਿੱਤਾ ਹੋਇਆ ਹੈ ਤਾਂ ਉਨ੍ਹਾਂ ਦਰੱਖਤ ਨੂੰ ਪਵਿੱਤਰ ਸਮਝਦਿਆਂ ਉਥੇ ਫੁੱਲ,ਚੌਲ ਤੇ ਮਿੱਠੇ ਨਾਲ ਸ਼ਰਧਾ ਪਰਵਕ ਮੱਥਾ ਟੇਕਿਆ ਤੇ ਅਗਾਂਹ ਹੋ ਤਰੀਆਂ। ਹੁਣ ਹੌਲੀ-ਹੌਲੀ ਉਥੇ ਰੋਜ਼ਾਨਾ ਸ਼ਰਧਾਲੂਆਂ ਦੀ ਭੀੜ ਜੁੜਣ ਲੱਗੀ ਸੀ। ਦੇਖਦਿਆਂ-ਦੇਖਦਿਆਂ ਉਸ ਥਾਂ ’ਤੇ ਧਰਮ ਸਥਾਨ ਦਾ ਨਿਰਮਾਣ ਹੋਣ ਲੱਗ ਪਿਆ।

************

ਇੱਕ ਵਿਅਕਤੀ ਤਲਾਬ ਵਿੱਚ ਇਸ਼ਨਾਨ ਕਰਨ ਗਿਆ ਤਾਂ ਅਚਾਨਕ ਉਸ ਦੀ ਨਜ਼ਰ ਸਾਹਮਣੇ ਲੱਗੇ ਬੋਰਡ ’ਤੇ ਪਈ।

ਉਸ ’ਤੇ ਲਿਖਿਆ ਸੀ ‘ਖੱਬੇ ਦੇਖੋ।’ ਉਸ ਨੇ ਖੱਬੇ ਦੇਖਿਆ ਤਾਂ ਉਥੇ ਲਿਖਿਆ ਸੀ ‘ਸੱਜੇ ਦੇਖੋ।’ ਉਸ ਨੇ ਸੱਜੇ ਦੇਖਿਆ ਤਾਂ ਉਸ ’ਤੇ ਲਿਖਿਆ ਸੀ ‘ਪਿੱਛੇ ਦੇਖੋ’।

ਉਸ ਨੇ ਪਿੱਛੇ ਦੇਖਿਆ ਉਸ ’ਤੇ ਲਿਖਿਆ ਸੀ, ‘ਤੁਸੀਂ ਨਹਾਉਣ ਆਏ ਹੋ ਜਾਂ ਇੱਧਰ-ਉੱਧਰ ਦੇਖਣ।’

************

ਰਵੀ ਜਦੋਂ ਦਫ਼ਤਰ ਗਿਆ ਤਾਂ ਸਰ ਨੇ ਰਵੀ ਦੇ ਕੰਨਾਂ ’ਤੇ ਪੱਟੀਆਂ ਬੰਨ੍ਹੀਆਂ ਦੇਖ ਕੇ ਪੁੱਛਿਆ, ‘ਰਵੀ ਕੀ ਹੋਇਆ?’

ਰਵੀ-‘ਸਰ ਸਵੇਰੇ ਪ੍ਰੈੱਸ ਕਰਦੇ ਸਮੇਂ ਫ਼ੋਨ ਦੀ ਘੰਟੀ ਵੱਜੀ ਤਾਂ ਭੁਲੇਖੇ ਨਾਲ ਰਿਸੀਵਰ ਦੀ ਜਗ੍ਹਾ ਪ੍ਰੈੱਸ ਕੰਨ ਨਾਲ ਲਗਾ ਹੋ ਗਈ।’

ਸਰ (ਹੈਰਾਨ ਹੋ ਕੇ)-ਪਰ ਦੂਜੇ ਕੰਨ ’ਤੇ ਕੀ ਹੋਇਆ?’

ਰਵੀ-‘ਇਹੋ ਗ਼ਲਤੀ ਮੈਂ ਡਾਕਟਰ ਨੂੰ ਫ਼ੋਨ ਕਰਨ ਵੇਲੇ ਕਰ ਬੈਠਾ।’

************

ਹਸਪਤਾਲ ’ਚ ਇਲਾਜ ਅਧੀਨ ਪਏ ਮਰੀਜ਼ ਨੇ ਨਰਸ ਨੂੰ ਕਿਹਾ, ‘‘ਮੈਂ ਤੇਰੇ ਪਿਆਰ ’ਚ ਪਾਗ਼ਲ ਹੋ ਗਿਆ ਹਾਂ। ਮੈਂ ਠੀਕ ਨਹੀਂ ਹੋਣਾ ਚਾਹੁੰਦਾ।’’

ਨਰਸ, ‘‘ਚਿੰਤਾ ਨਾ ਕਰ। ਤੂੰ ਠੀਕ ਹੋ ਵੀ ਨਹੀਂ ਸਕਦਾ। ਤੇਰੀ ਗੱਲ ਡਾਕਟਰ ਨੇ ਸੁਣ ਲਈ ਹੈ ਤੇ ਮੇਰਾ ਉਸ ਨਾਲ ਵਿਆਹ ਹੋਣ ਵਾਲਾ ਹੈ।’’

************

ਪਤਨੀ (ਪਤੀ ਨੂੰ), ‘‘ਵਧਾਈ ਹੋਵੇ, ਅੱਜ ਤੁਸੀਂ ਪੂਰੇ 40 ਸਾਲ ਦੇ ਹੋ ਗਏ ਹੋ।’’

ਪਤੀ, ‘‘ਸ਼ੁਕਰ ਹੈ ਰੱਬ ਦਾ, 40 ਸਾਲ ਲੰਘ ਗਏ। ਬਾਕੀ ਵੀ ਰੋਂਦੇ-ਧੋਂਦੇ ਕਿਸੇ ਤਰ੍ਹਾਂ ਨਿਕਲ ਜਾਣਗੇ।’’

************

ਪਤਨੀ (ਪਤੀ ਨੂੰ), ‘‘ਸੁਣੋ ਜੀ, ਮੇਰੀ ਬੜੀ ਇੱਛਾ ਹੈ ਕਿ ਮੈਂ ਸੱਤ ਜਨਮਾਂ ਤੱਕ ਤਹਾਡੀ ਪਤਨੀ ਬਣੀ ਰਹਾਂ।’’

ਪਤੀ ਨੇ ਕਿਹਾ, ‘‘ਰੱਬ ਕਰੇ ਇਹ ਤੇਰਾ ਸੱਤਵਾਂ ਜਨਮ ਹੋਵੇ।’’

************









# ਔਰਤ ਦੀ ਅਜਾਦੀ

ਸੁਣਿਆ ਔਰਤ ਅਜਾਦ ਹੋ ਗਈ। ਹੋਣਾ ਚਾਹੀਦਾ ਕਿਓਂ ਨਹੀ ਹੋਣਾ ਚਾਹੀਦਾ ਪਰ ਕੀ ਸਚ ਹੀ ਓਹ ਅਜਾਦ ਹੋ ਗਈ? ਅਗਾਂਹਵਧੂਆਂ ਦਾ ਖਿਆਲ ਹੈ ਵੈਸਟ ਦੀ ਕਿਰਪਾ ਹੋਈ ਔਰਤ ਉਪਰ। ਹੈ ਵੀ ਇਵੇਂ ਕਿਓਂਕਿ ਵੈਸਟ ਦੀ ਔਰਤ ਬਾਕੀਆਂ ਨਾਲੋਂ ਪਹਿਲਾਂ 'ਅਜਾਦ' ਹੋ ਚੁਕੀ ਹੋਈ ਅਤੇ ਯਾਦ ਰਖਣਾ ਉਜੜ ਵੀ ਪਹਿਲਾਂ ਦੀ ਚੁਕੀ ਹੋਈ। ਕਦੋਂ ਦੀ।ਬੰਦਾ ਸ਼ੈਤਾਨ ਜੀਵ ਹੈ ਵੈਸਟ ਵੰਨੀ ਦਾ ਜੀਵ ਪਹਿਲਾਂ ਸ਼ੈਤਾਨ ਹੋ ਚੁਕਾ ਹੋਇਆ ਸੀ ਉਸ ਨੂੰ ਪਤਾ ਸੀ ਬਾਹਰਲੇ ਸੰਗਲ ਜਿਆਦਾ ਚਿਰ ਨਹੀ ਚਲਣੇ ਬਰੇਕਾਂ ਅੰਦਰ ਵੜਕੇ ਲਾਓਂਣੀਆਂ ਪੈਣੀਆਂ ਨਹੀ ਤਾਂ ਔਰਤ ਵੀ ਕੋਈ ਘਟ ਜੀਵ ਨਹੀ ਕਿਸੇ ਦਿਨ ਕਿਲੇ ਪੁਟੇਗੀ ਅਤੇ ਓਹੀ ਕੀਲਾ ਮੇਰੀ ਹੀ ਧੌਣ ਵਿਚ ਗਡੇਗੀ॥ ਉਸ ਬਾਹਰਲੇ ਪੈਂਖੜ ਲਾਹ ਸੁਟੇ ਪਰ ਸੰਗਲ ਉਸ ਦੇ ਸਿਰ ਵਿਚਲੀਆਂ ਬਰੀਕ ਤਾਰਾਂ ਨੂੰ ਬੰਨ ਦਿਤੇ। ਇਨੇ ਬਰੀਕ ਕਿ ਔਰਤ ਨੂੰ ਪੜ ਲਿਖ ਕੇ ਵੀ ਨਹੀ ਦਿਸੇ।

ਮੰਡੀ ਲਿਜਾਣ ਵੇਲੇ ਪਹਿਲਾਂ ਬੰਦੇ ਨੂੰ ਜਿਥੇ ਪਹਿਰੇ ਹੇਠ ਰਖਣਾ ਪੈਂਦਾ ਸੀ ਹੁਣ ਓਹ ਖੁਦ ਚਲ ਕੇ ਜਾਂਦੀ ਹੈ ਅਜਾਦ ਕਿਵੇਂ ਹੋਈ।ਮਿਸਾਂ ਵਿਸਾਂ ਤੋਂ ਲੈ ਕੇ ਫੈਸ਼ਨ ਸ਼ੋਆਂ ਅਤੇ ਐਕਟਰਨੀਆਂ ਤਕ ਦਾ ਸਫਰ ਬੜਾ ਘਿਨਾਉਣਾ ਸਫਰ ਹੈ ਔਰਤ ਦਾ। ਜੇ ਕਿਤੇ ਆਮ ਬੰਦਾ ਨੇੜਿਓਂ ਦੇਖ ਸਕਦਾ ਹੁੰਦਾ ਤਾਂ ਉਸ ਨੂੰ ਬਾਹਰ ਟੇਬਲਾਂ ਉਪਰ ਲਿਸ਼ਦੀਆਂ ਪਲੇਟਾਂ ਦੀ ਸਮਝ ਆ ਜਾਂਦੀ ਜਿਥੇ ਪਿਛੇ ਕਿਚਨ ਵਿਚ ਕਟੇ ਲੇਟਣ ਵਰਗਾ ਖਲਾਰਾ ਪਿਆ ਹੁੰਦਾ। ਹੇਠਾਂ ਪੈਰਾਂ ਵਿਚ ਚੂਹੇ ਅਤੇ ਉਪਰ ਮਖੀਆਂ ਪਰ ਬਾਹਰ? ਬਾਹਰ ਚਿਟੀਆਂ ਚਾਦਰਾਂ ਅਤੇ ਲਿਸ਼ਕਦੀਆਂ ਪਲੇਟਾਂ। ਯਾਣੀ ਲਿਸ਼ਦੀਆਂ ਪਲੇਟਾਂ ਤਕ ਪਹੁੰਚਣ ਲਈ ਔਰਤ ਨੂੰ ਚੂਹਿਆਂ, ਕਾਕਰੋਚਾਂ ਅਤੇ ਮਛਰਾਂ ਮਖੀਆਂ ਵਿਚਦੀ ਲੰਘਣਾ ਪੈਂਦਾ ਤਾਂ ਜਾ ਕੇ ਕਿਤੇ ਓਹ 'ਅਜਾਦੀ' ਦਾ ਨਿਘਾਰ ਮਾਣਦੀ ਹੈ। ਅਜਾਦੀ ਯਾਣੀ 'ਅਜਾਦੀ'।

ਔਰਤ ਦੀ ਗੁਲਾਮੀ ਜੁਗ ਵੇਲੇ ਬੰਦਾ ਔਰਤ ਦੇ ਕਪੜੇ ਚਾਰ ਦਿਵਾਰੀ ਅੰਦਰ ਪਾੜਦਾ ਸੀ ਪਰ ਹੁਣ ਅਜਾਦੀ ਦੇ ਨਾਂ ਤੇ ਔਰਤ ਨੂੰ ਉਸ ਇਨਾ ਮੂਰਖ ਕਰ ਦਿਤਾ ਹੋਇਆ ਕੀ ਓਹ ਖੁਦ ਕਪੜੇ ਪਾੜ ਕੇ ਹੀ ਸਟੇਜ ਉਪਰ ਆਓਂਦੀ ਹੈ ਅਤੇ ਉਸ ਦਾ ਨੰਗਿਆਂ ਹੋ ਕੇ ਸਾਮਾਈਲਾਂ ਵੰਡਣਾਂ ਉਸ ਦਾ ਸਿਰੇ ਦਾ ਉਜੱਡ ਹੋਣ ਦਾ ਪੁਖਤਾ ਸਬੂਤ ਹੈ।

ਦੇਹ ਨੂੰ ਪਾਏ ਸੰਗਲਾਂ ਵਿਚੋਂ ਤਾਂ ਓਹ ਤੜਫ ਸਕਦੀ ਸੀ ਕਿ ਅਜਾਦ ਹੋਵਾਂ ਪਰ ਸਿਰ ਨੂੰ ਪਾਏ ਅਣਦਿਸਦੇ ਬਰੀਕ ਸੰਗਲ ਤਾਂ ਓਹ ਧੌਣ ਨੀਵੀਂ ਕਰਕੇ ਖੁਦ ਪਵਾਓਂਦੀ ਅਤੇ ਉਸ ਨੂੰ ਮਾਣ ਸਮਝਦੀ ਕਿ ਨੰਗਿਆਂ ਹੋਣ ਦਾ ਗੋਲਡ ਮੈਡਲ ਮਿਲਿਆ।ਤੁਸੀਂ ਕਿਵੇਂ ਸੋਚ ਸਕਦੇਂ ਕਿ ਔਰਤ ਅਜਾਦ ਹੈ ਜਾਂ ਕਦੇ ਅਜਾਦੀ ਬਾਰੇ ਸੋਚ ਸਕਦੀ ਹੈ।ਜਿਥੇ ਅਗੇ ਔਰਤ ਨੂੰ ਵਡੀ ਮੰਡੀ ਵਿਚ ਹੀ ਅਪਣੀ ਨੁਮਾਇਸ਼ ਲਾਓਂਣ ਦਾ ਮੌਕਾ ਮਿਲਦਾ ਸੀ ਹੁਣ ਛੋਟੀਆਂ ਮੰਡੀਆਂ ਦੇ ਸ਼ੁਰੂ ਹੋਣ ਤੋਂ ਲੈ ਕੇ ਟਿਕ ਟਾਕ ਵਰਗੇ ਸਾਧਨਾਂ ਨੇ ਉਮਰ ਵਿਹਾ ਰਹੀਆਂ ਔਰਤਾਂ ਅੰਦਰ ਵੀ ਤਰਾਨੇ ਜਾ ਛੇੜੇ ਨੇ ਕਿ ਹਾਲੇ ਤਾਂ ਓਹ ਜਵਾਨ ਨੇ ਬੇਸ਼ਕ ਭਾਰੀ ਲਿਪਸਟਿਕ ਹੇਠ ਸੁਕੀ ਮੂਲੀ ਵਰਗਾ ਮੂੰਹ ਚੁਗਲੀਆਂ ਹੀ ਕਿਓਂ ਨਾ ਕਰ ਰਿਹਾ ਹੋਵੇ।ਪਹਿਲਾਂ ਬੰਦਾ ਅੰਡੇ ਨਹੀ ਸੀ ਖਾਂਦਾ ਸਿਧੀ ਮੁਰਗੀ ਹੀ ਝਟਕਾ ਸੁਟਦਾ ਸੀ ਯਾਣੀ ਪੂਰੀ ਦੀ ਪੂਰੀ ਔਰਤ ਹੀ ਵੇਚ ਆਓਂਦਾ ਸੀ। ਹੁਣ ਓਹ ਸਿਆਣਾ ਯਾਣੀ ਸ਼ੈਤਾਨ ਹੋ ਗਿਆ ਹੁਣ ਓਹ ਔਰਤ ਦੀ ਮਾਰਕਿੰਟਗ ਕਰਦਾ ਹੈ, ਉਸ ਨੂੰ ਇਸ਼ਤਿਹਾਰਾਂ ਰਾਹੀਂ ਵੇਚਦਾ ਹੈ, ਮਿਸਾਂ ਦੇ ਮੁਕਾਬਲਿਆਂ ਰਾਹੀਂ, ਫੈਸ਼ਨ ਸ਼ੋਆਂ ਰਾਹੀਂ, ਫਿਲਮਾ ਡਰਾਮਿਆਂ ਰਾਹੀਂ। ਅਤੇ ਔਰਤ ਖੁਦ ਲਾਈਨ ਵਿਚ ਲਗੀ ਖੜੀ ਕਿ ਕਾਸ਼ ਉਸ ਦੀ ਵਾਰੀ ਵਿਕਣ ਦੀ ਆਵੇ। ਹੁਣ ਉਸ ਨੂੰ ਘਰੋਂ ਚੁਕਣ ਨਹੀ ਜਾਣਾ ਪੈਂਦਾ ਓਹ ਖੁਦ ਮੰਡੀ ਵਿਚ ਆਓਂਦੀ ਹੈ ਅਤੇ ਜਿਥੇ ਤਕ ਬੰਦਾ ਕਹੇ ਕਪੜੇ ਉਤਾਰਨ ਨੂੰ ਤਿਆਰ ਹੈ ਬਸ ਮੌਕਾ ਦਵੇ ਬੰਦਾ। ਕੋਈ ਵਿਰਲੀ ਗੈਰਤਮੰਦ ਠੁਡਾ ਮਾਰ ਆਓਂਦੀ ਨਹੀ ਤਾਂ ਵਿਕ ਹੀ ਆਓਂਦੀ।ਬਕਵਾਸ ਗਲਾਂ ਕਿ ਔਰਤ ਅਜਾਦ ਹੋ ਗਈ ਅਜ ਜਿੰਨਾ ਔਰਤ ਗੁਲਾਮ ਕਦੇ ਹੋਈ ਹੀ ਨਹੀ ਸੀ ਫਰਕ ਸੰਗਲਾਂ ਦਾ ਪਿਆ ਗੁਲਾਮੀ ਦਾ ਨਹੀ ਪਰ ਸ਼ੈਤਾਨ ਬੰਦੇ ਨੇ ਔਰਤ ਗਲ ਪਾਏ ਸੰਗਲਾਂ ਦੇ ਨਾਮ ਬੜੇ ਲੁਬਾਓਂਣੇ ਅਤੇ ਸੁਧਰੇ ਹੋਏ ਰਖ ਲਏ ਨੇ ਕਿ ਔਰਤ ਦੇ ਖੁਦ ਮਾਂ ਪੇ ਉਸ ਨੂੰ ਮੰਡੀ ਛਡ ਆਓਂਣ ਲਈ ਤਿਆਰ ਨੇ। ਨਹੀ?

**ਗੁਰਦੇਵ ਸਿੰਘ ਸੱਧੇਵਾਲੀਆ**

# ਜੂਨ 84 ਘੱਲੂਘਾਰਾ ਅੰਮ੍ਰਿਤਸਰ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ

ਅੰਮ੍ਰਿਤਸਰ:-ਜੂਨ 1984 ਵਿੱਚ ਵਾਪਰੇ ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੇ ਰੋਸ ਵਜੋਂ ਦਲ ਖ਼ਾਲਸਾ ਵੱਲੋਂ ਦਿੱਤੇ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਘੱਲੂਘਾਰੇ ਦੀ 39ਵੀਂ ਬਰਸੀ ਮੌਕੇ ਦਲ ਖਾਲਸਾ ਵੱਲੋਂ ਹਰ ਸਾਲ ਵਾਂਗ ਅੰਮ੍ਰਿਤਸਰ ਵਿੱਚ ਬੰਦ ਦਾ ਸੱਦਾ ਦਿੱਤਾ ਗਿਆ ਸੀ।

ਇਸ ਬੰਦ ਦੇ ਸੱਦੇ ਤਹਿਤ ਅੱਜ ਸਵੇਰ ਤੋਂ ਹੀ ਸ਼ਹਿਰ ਦੇ ਅੰਦਰੂਨੀ ਅਤੇ ਬਾਹਰੀ ਇਲਾਕਿਆਂ ਵਿੱਚ ਦੁਕਾਨਾਂ, ਕਾਰੋਬਾਰੀ ਤੇ ਵਪਾਰਕ ਅਦਾਰੇ ਮੁਕੰਮਲ ਤੌਰ ’ਤੇ ਬੰਦ ਰਹੇ।ਇਸ ਦੌਰਾਨ ਸ਼ਹਿਰ ਵਿੱਚ ਆਵਾਜਾਈ ਨਿਰਵਿਘਨ ਜਾਰੀ ਰਹੀ ਹੈ।

ਕਿਸੇ ਵੀ ਸਿੱਖ ਜਥੇਬੰਦੀ ਵੱਲੋਂ ਬੰਦ ਦੇ ਦੌਰਾਨ ਆਵਾਜਾਈ ਨੂੰ ਰੋਕਣ ਦਾ ਯਤਨ ਨਹੀਂ ਕੀਤਾ ਗਿਆ ਅਤੇ ਨਾ ਹੀ ਦੁਕਾਨਾਂ ਅਤੇ ਕਾਰੋਬਾਰ ਬੰਦ ਕਰਵਾਉਣ ਲਈ ਜਲੂਸ ਆਦਿ ਕੱਢੇ ਗਏ। ਇਸ ਬੰਦ ਦੌਰਾਨ ਮੈਡੀਕਲ ਸੇਵਾਵਾਂ ਵੀ ਨਿਰਵਿਘਨ ਜਾਰੀ ਰਹੀਆਂ।










**TRUSTED NAME IN THE COMMUNITY**

# SAME DAY FOREX

ਵਧੀਆ ਰੇਟ ਤੇ
ਇੰਡੀਆ ਨੂੰ
ਪੈਸੇ ਭੇਜਣ
ਅਤੇ ਮੰਗਵਾਉਣ
ਵਾਸਤੇ ਸਾਡੇ ਨਾਲ
ਸੰਪਰਕ ਕਰੋ




For More Info Call:

**778-967-7000, 604-782-3620,604-614-4565**

Email:samedayforex@gmail.com

**#201-8035-120St. Surrey**

# GURUDHAM TOUR & TRAVEL

**#201-8035-120St, Delta, BC** **Web:www.gurudhamtour.ca**

## 12 ਦਿਨਾਂ ਦੀ ਪੰਜ ਤਖਤ ਸਾਹਿਬ ਅਤੇ ਇਤਿਹਾਸਿਕ ਗੁਰਦੁਆਰਿਆਂ ਦੀ ਯਾਤਰਾ



ਅਕਤੂਬਰ ਮਹੀਨੇ ਵਿਚ

## ਪੰਜ ਤਖਤ ਸਾਹਿਬ ਜੀ

1. ਅਕਾਲ ਤਖਤ ਸਾਹਿਬ ਜੀ 2. ਕੇਸਗੜ ਸਾਹਿਬ ਜੀ
3. ਦਮਦਮਾ ਸਾਹਿਬ ਜੀ 4. ਪਟਨਾ ਸਾਹਿਬ ਜੀ 5. ਹਜ਼ੂਰ ਸਾਹਿਬ ਜੀ

### ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ, ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ, ਬਾਬਾ ਬੁੱਢਾ ਸਾਹਿਬ ਜੀ, ਤਰਨਤਾਰਨ ਸਾਹਿਬ ਜੀ, ਗੋਇੰਦਵਾਲ ਸਾਹਿਬ ਜੀ, ਸੁਲਤਾਨਪੁਰ ਲੋਧੀ ਸਾਹਿਬ ਜੀ, ਮੁਕਤਸਰ ਸਾਹਿਬ ਜੀ, ਤਲਵੰਡੀ ਸਾਬੋ ਜੀ, ਨਾਨਕਸਰ ਸਾਹਿਬ ਜੀ ਲੁਧਿਆਣਾ, ਮਾਛੀਵਾੜਾ ਸਾਹਿਬ ਜੀ, ਚਮਕੌਰ ਸਾਹਿਬ ਜੀ, ਦਸਤਾਨ–ਏ–ਸ਼ਹਾਦਤ, ਕੀਰਤਪੁਰ ਸਾਹਿਬ ਜੀ, ਅਨੰਦਪੁਰ ਸਾਹਿਬ ਜੀ, ਗੁ. ਬਾਬਾ ਗੁਰਦਿੱਤਾ ਸਾਹਿਬ ਜੀ, ਗੁ. ਪੀਰ ਬੁੱਧੂ ਸ਼ਾਹ ਜੀ, ਵਿਰਾਸਤ ਏ ਖਾਲਸਾ, ਫਤਹਿਗੜ੍ਹ ਸਾਹਿਬ ਜੀ, ਸਰਹੰਦ, ਦੁਖ ਨਿਵਾਰਨ ਸਾਹਿਬ ਜੀ ਪਟਿਆਲਾ, ਚੰਡੀਗੜ੍ਹ, ਪਟਨਾ ਸਾਹਿਬ ਜੀ, ਹਜ਼ੂਰ ਸਾਹਿਬ ਜੀ

### ਯਾਤਰਾ ਦੀਆਂ ਸਹੂਲਤਾਂ

*ਸਾਰੀ ਯਾਤਰਾ ਵਿਚ ਵੋਲਵੋ ਬੱਸਾਂ ਦਾ ਸਫਰ(Wi-Fi ਨਾਲ) * 24 ਘੰਟੇ ਡਾਕਟਰ ਦਾ ਸਾਥ ਦਵਾਈਆਂ ਦੇ ਨਾਲ
*24 ਘੰਟੇ ਸਕਿਓਰਟੀ ਦੀ ਸਹਾਇਤਾ *ਸਮਾਨ ਚੁੱਕਣ ਦੀ ਸਹਾਇਤਾ *ਵੈਜੀਟੇਰੀਅਨ ਭੋਜਨ ਅਤੇ ਫਲ
*ਵੈਬਸਾਈਟ ਤੋਂ ਸਿੱਧਾ ਗੁਰਬਾਣੀ ਕੀਰਤਨ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ
*ਰਾਤ ਨੂੰ ਵਧੀਆ ਹੋਟਲ ਜਾਂ ਗੁਰਦੁਆਰੇ ਦੀ ਚੰਗੀ ਸਰਾਂ ਵਿਚ ਰੁਕਣ ਦੀ ਮਰਜੀ
**ਨੋਟ:ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਨੂੰ ਹਵਾਈ ਯਾਤਰਾ ਹੋਵੇਗੀ**

### Facility in the Tour

*Volvo Buses(with Wi-Fi) *24X7 Days Doctor with Medicine *24X7 Days Security
*Helpers For Luggage *Vegetarian Meal with fruit
*Option for stay in Luxury Hotel or Gurdwara Sahib Saran
*Website Live Kirtan from Darbar Sahib Amritsar,
***Patna Sahib & Hazur Sahib Yatra (By Air)**

**For more Information Call: 778-792-4909**

**604-614-4565, 604-782-3620**

Email:info@gurudhamtour.ca
or gurudhamtour@gmail.com

# ਕਾਵਿ ਕਿਆਰੀ

## ਸਾਕਾ ਨੀਲਾ ਤਾਰਾ

ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।
ਜੂਨ ਚੁਰਾਸੀ ਵਿਚ ਵਾਪਰਿਆ ਖ਼ੂਨੀ ਘੱਲੂਘਾਰਾ।
ਤਾਨਾਸ਼ਾਹ ਦਿੱਲੀ ਦੀ ਹਾਕਮ ਜ਼ਿੱਦੀ ਬੜੀ ਹੰਕਾਰੀ।
ਜਾਣ ਬਿਗਾਨੇ ਸ਼ਹਿਰੀ ਸਾਨੂੰ ਝੋਕੀ ਸ਼ਕਤੀ ਸਾਰੀ।
ਕਰਲੀ ਫੌਜ ਨੇ ਨਾਕਾਬੰਦੀ ਟਿੱਢੀ ਦਲ ਸੀ ਭਾਰਾ।
ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।
ਨਜ਼ਰਬੰਦ ਪੰਜਾਬੀ ਕਰਤੇ ਕਰਫਿਊ ਸਾਰੇ ਲਾਕੇ।
ਘੇਰ ਲਿਆ ਹਰਮੰਦਰ ਨੂੰ ਫੌਜੀ ਟੈਂਕ ਚੜਾਕੇ।
ਜ਼ਲਿਆਂ ਵਾਲੇ ਬਾਗ ਦਾ ਸਾਕਾ ਕਰਤਾ ਫੇਰ ਦੁਬਾਰਾ।
ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।
ਨਾਲ ਬੂਟਾਂ ਦੇ ਪ੍ਰਕਰਮਾਂ ਵਿਚ ਫੌਜੀ ਫਿਰਨ ਹੰਕਾਰੇ।
ਰੱਬ ਦੇ ਘਰ ਵੱਲ ਦੁਸ਼ਟ ਪਾਪੀਆਂ ਸਿੰਨ ਨਿਸ਼ਾਨੇ ਮਾਰੇ।
ਗੋਲੀਆਂ ਦੇ ਨਾਲ ਛਲਣੀ ਕਰਤਾ ਗੁਰੂ ਗਰੰਥ ਪਿਆਰਾ।
ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।
ਸਰਾਵਾਂ ਦੇ ਵੱਲ ਤੋਪਾਂ ਦੇ ਨਾਲ ਅੱਗ ਦੇ ਗੋਲੇ ਸੁੱਟੇ।
ਅਨਮੋਲ ਖਜਾਨੇ ਸਿੱਖ ਕੌਮ ਦੇ ਧਾੜਵੀਆਂ ਨੇ ਲੁੱਟੇ।
ਗੋਰੇ ਨੂੰ ਭੀ ਮਾਤ ਪਾ ਗਿਆ ਇਹ ਕਾਲਾ ਹਤਿਆਰਾ।
ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।
ਲੋਥਾਂ ਨਾਲ ਸਰੋਵਰ ਭਰਿਆ ਖ਼ੂਨ ਖਿਲਰਿਆ ਸਾਰੇ।
ਮੋਈਆਂ ਮਾਵਾਂ ਦੀ ਛਾਤੀ 'ਤੇ ਰੋਵਣ ਬਾਲ ਵਿਚਾਰੇ।
ਦੁੱਧ ਭੁਲੇਖੇ ਚੁੰਘੀ ਜਾਵਣ ਮਾਂ ਦੇ ਰੱਤ ਦੀ ਧਾਰਾ।
ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।
ਬੁੱਢੀ ਲੀਡਰਸ਼ਿਪ ਸਿੱਖਾਂ ਦੀ ਲਾਸ਼ਾਂ ਉਤੋਂ ਲੰਘੀ।
ਹੱਥ ਜੋੜ ਕੇ ਖੜ ਗਏ ਸਾਰੇ ਨੀਵੀਂ ਕਰਕੇ ਕੰਢੀ।
ਜਾਨ ਬਚਾਕੇ ਤੁਰ ਗਿਆ ਉਥੋਂ ਨੇਤਾ ਹੌਲਾ ਭਾਰਾ।
ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।
ਮੁੱਠੀ ਭਰ ਜੁਝਾਰੂ ਸਿੰਘਾਂ ਜਮ ਕੇ ਲੜੀ ਲੜਾਈ।
ਜਾਮ ਸ਼ਹਾਦਤ ਪੀ ਕੇ ਉਹਨਾਂ ਜਿੰਦੜੀ ਘੋਲ ਘੁਮਾਈ।
ਮੌਤ ਨਾਲ ਕਲੋਲਾਂ ਕਰਦੇ ਛੱਡਕੇ ਸਿੰਘ ਜੈਕਾਰਾ।
ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।
ਸੇਖੋਂ ਭਿੰਡਰਾਂ ਵਾਲੇ ਦੀਆਂ ਢਾਡੀ ਗਾਉਣਗੇ ਵਾਰਾਂ।
ਯੋਧੇ ਸਦਾ ਸਤਿਕਾਰੇ ਜਾਣੇ ਗਦਾਰਾਂ ਨੂੰ ਫਿਟਕਾਰਾਂ।
ਧਰੂ ਦੇ ਵਾਂਗੂੰ ਰਹੂ ਚਮਕਦਾ ਤੀਰਾਂ ਦਾ ਚਮਕਾਰਾ।
ਸਿੱਖ ਕੌਮ ਨੂੰ ਰਹੂ ਰੜਕਦਾ ਸਾਕਾ ਨੀਲਾ ਤਾਰਾ।



**ਗੁਰਚਰਨ ਸਿੰਘ ਸੇਖੋਂ ਬੌੜਹਾਈ**
**ਸਰੀ (ਕਨੇਡਾ) 672-338-0958**

## ਛਲੇਡਾ ਜੱਫੀ


ਪੈ ਗਈ ਜੱਫੀ ਛਲੇਡਿਆਂ ਦੀ,
ਜੋ ਰੰਗ ਬਦਲਣ ਦਿਨ ਰਾਤੀ,
ਨਿੱਤ ਬਣਾਉਂਦੇ ਲੋਕਾਂ ਨੂੰ ਬੁੱਧੂ,
ਰੱਖਣ ਦੁਨੀਆ ਨੂੰ ਪਾਟੀ।
ਪੈਰ ਪੈਰ 'ਤੇ ਤੋਲਦੇ ਫੱਕੜ,
ਬੰਨ੍ਹਣ ਝੂਠ ਪੁਲੰਦੇ,
ਬਕਦੇ ਜੋ ਵੀ ਮੂੰਹ ਵਿੱਚ ਆਉਂਦਾ,
ਕਰਦੇ ਗੰਦੇ ਧੰਦੇ।
ਉਸੇ ਜ਼ਬਾਨੋਂ ਇੱਕ ਦੂਜੇ ਨੂੰ,
ਗਾਲ੍ਹਾਂ ਕੱਢਣੋਂ ਨਹੀਂ ਥੱਕਦੇ,
ਉਸੇ ਹੀ ਮੂੰਹੋਂ ਉਸੇ ਹੀ ਵੇਲੇ,
ਜਾਣ ਇੱਕ ਦੂਜੇ ਤੋਂ ਸਦਕੇ।
ਨਾ ਕੋਈ ਇਨ੍ਹਾਂ ਦਾ ਯਾਰ ਹੈ ਯਾਰੋ,
ਨਾ ਕੋਈ ਇਨ੍ਹਾਂ ਦਾ ਸੰਗੀ,
ਮਤਲਬ ਕੱਢਣ ਲਈ ਇਨ੍ਹਾਂ ਨੇ,
ਸ਼ਰਮ ਹੈ ਛਿੱਕੇ ਟੰਗੀ।
ਪਾਕਿਸਤਾਨੀ ਜ਼ਿਹਨੀਅਤ ਦੀ,
ਕਸਰ ਨਾ ਕੋਈ ਰੱਖੀ,
ਡੱਡੂਆਂ ਦੀ ਪੰਸੇਰੀ ਹੋ ਗਈ,
ਇੱਕੋ ਛਪੜੀ ਵਿੱਚ ਕੱਠੀ।
ਮਾਰ ਟਪੂਸੀਆਂ ਕਰਨਗੇ ਹੁਣ ਇਹ,
ਰਾਜਨੀਤੀ ਹੋਰ ਗੰਦੀ,
ਹਾਰੇ ਹੋਏ ਜੁਆਰੀਆਂ ਦੀ ਹੁਣ,
ਦੇਖੋ ਲੱਗੀ ਕਿੰਝ ਮੰਡੀ।
ਉਚੀ ਜ਼ਾਤ ਅਤੇ ਵੱਡੇ ਹੋਣ ਦੇ,
ਦਮਗਜੇ ਮਾਰੀ ਜਾਂਦੇ,
ਬਾਜਵੇ ਵਰਗੇ ਬੇ ਵਜਾਹ ਹੀ,
ਗਰੀਬਾਂ ਦੀ ਖਿੱਲੀ ਉਡਾਂਦੇ।
ਹਰ ਮਸਲੇ ਅਤੇ ਹਰ ਅਸੂਲ 'ਤੇ,
ਕੁਰਬਾਨ ਹੋਣ ਨੂੰ ਕਾਹਲ਼ੇ,
ਅੰਦਰ ਖਾਤੇ ਜ਼ਮੀਰਾਂ ਵੇਚਣ ਦੇ,
ਕਰਦੇ ਘਾਲ਼ੇ ਮਾਲ਼ੇ।
ਸੰਜੀਦਾ ਅਤੇ ਵਿਸ਼ਵਾਸੀ ਲੋਕੀ,
ਕਿੱਧਰ ਨੂੰ ਹੁਣ ਜਾਵਣ,
ਕਿਸ ਦੇ ਲਈ ਹੁਣ ਤਾੜੀਆਂ ਮਾਰਨ,
ਕਿਸ ਨੂੰ ਹੁਣ ਨਕਾਰਨ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਠੋਕੋ ਜੱਫੀ ਦਿਵਸ

ਦੀਨ ਧਰਮ ਨਾ ਰਹੀ ਔਕਾਤ ਕੋਈ,
ਘੁਲ਼ ਆਕੜਾਂ ਮਿਆਰ ਕਿਰਦਾਰ ਗਏ।
ਠੋਕਣੀ ਤਾਲੀ ਸੀ ਗਏ ਠੋਕ ਜੱਫੀ,
ਪਾ ਦੁਸ਼ਮਣੀ ਲੋਕਾਂ ਵਿਚਕਾਰ ਗਏ।
ਪੀਤੇ ਸ਼ੂਪ ਸੀ 'ਕੱਠਿਆਂ ਬਹਿ ਕਦੇ,
'ਕੱਠੇ ਪਿੰਜਰੇ 'ਚ ਬਣ ਸ਼ਿੰਗਾਰ ਗਏ।
ਜ਼ਹਿਰ ਉਗਲੀ ਮਿਹਣਿਉਂ ਹੋ ਮਿਹਣੀ
ਲੜਦੇ ਲੀੜਿਉਂ ਸੀ ਹੋ ਬਾਹਰ ਗਏ।
ਹੱਸਦੇ ਵੱਸਦਿਆਂ ਵਿੱਚ ਪਾ ਵੰਡੀਆਂ,
ਗ਼ੁੱਸਾ ਆਪਣਾ ਤਾਂ ਅੱਜ ਠਾਰ ਗਏ।
ਧੋਖੇਬਾਜ਼ ਹੀ ਨਿੱਕਲੇ ਮਲਾਹ ਦੋਵੇਂ,
ਡੋਬ ਲੋਕਾਂ ਨੂੰ ਹੋ ਪਾਰ ਗਏ।
ਹੋ ਆਪ ਤਾਂ ਗਏ ਘਿਓ ਖਿਚੜੀ,
ਕਰ ਹੋਰਨਾਂ ਨੂੰ ਬਿਮਾਰ ਗਏ।
ਅੰਦਰ ਖਾਤੇ ਢਿੱਡੋਂ ਰਲ਼ ਗਿਆਂ 'ਤੇ,
ਕੀ 'ਭਗਤਾ' ਰਹਿ ਇਤਬਾਰ ਗਏ।



**ਬਰਾੜ-ਭਗਤਾ ਭਾਈ ਕਾ**
**604-751-1113**

## .ਗ਼ਜ਼ਲ

**ਗੁਰਵਿੰਦਰ 'ਗੋਸਲ'**

ਕੁਝ ਸੱਜਣ ਤਾਂ ਸਾਹਵਾਂ ਵਰਗੇ ਹੁੰਦੇ ਨੇ।
ਅਪਣੇ ਪਿੰਡ ਦੇ ਰਾਹਵਾਂ ਵਰਗੇ ਹੁੰਦੇ ਨੇ।
ਜਿਸ ਬੰਦੇ 'ਤੇ ਪੈਂਦੀ, ਜਾਣੇ ਓਹੀ ਬਸ,
ਯਾਰੋ ਦੁੱਖ ਸਜ਼ਾਵਾਂ ਵਰਗੇ ਹੁੰਦੇ ਨੇ।
ਔਖ਼ੇ ਵੇਲੇ ਜਿਹੜੇ ਨਾਲ ਖਲੋਂਦੇ ਹਨ,
ਐਸੇ ਯਾਰ ਭਰਾਵਾਂ ਵਰਗੇ ਹੁੰਦੇ ਨੇ।
ਮਨ ਚਿਤ ਹੋ ਕੇ ਸੁਣਿਓ ਬੋਲ ਫ਼ਕੀਰਾਂ ਦੇ,
ਠੰਢੀਆਂ ਸੀਤ ਹਵਾਵਾਂ ਵਰਗੇ ਹੁੰਦੇ ਨੇ।
ਨਾ ਘਬਰਾਈਂ ਇਹ ਤਾਂ ਹਿੱਸਾ ਜੀਵਨ ਦਾ,
ਦੁੱਖ ਸੁੱਖ ਧੁੱਪਾਂ ਛਾਵਾਂ ਵਰਗੇ ਹੁੰਦੇ ਨੇ।
ਸੱਜਣ ਮਿਲਦੇ ਜਿੱਥੇ 'ਗੋਸਲ' ਉਹ ਥਾਂ ਵੀ,
ਪਾਕਿ ਪਵਿੱਤਰ ਥਾਵਾਂ ਵਰਗੇ ਹੁੰਦੇ ਨੇ।

ਸੰਪਰਕ: 97796-96042

## .ਗ਼ਜ਼ਲ

**ਅਜੀਤ ਕਮਲ ਬਟਾਲਾ**

ਮੁੱਦਤ ਤੋਂ ਜਿਸ ਮਾਹੌਲ ਦੀ, ਸਭ ਨੂੰ ਉਡੀਕ ਹੈ।
ਸੁਣਿਆ ਕਿ ਉਸ ਦੀ ਪਹੁੰਚ, ਅਜੇ ਜੂਹਾਂ ਤੀਕ ਹੈ।
ਤਨ ਜੇ ਕਿਸੇ ਦਾ ਹੋਰ ਥਾਂ, ਮਨ ਹੋਰ ਥਾਂ ਰਹੇ।
ਉਸ ਯਾਰ ਦੇ ਮਿਲਾਪ ਤੋਂ, ਦੂਰੀ ਹੀ ਠੀਕ ਹੈ।
ਲੰਘ ਜਾਣ ਦੇ ਇਹ ਦੌਰ ਵੀ ਲੰਘਿਆ ਜਿਵੇਂ ਪਿਛਲਾ,
ਇਹ ਫੇਰ ਵਿਚਾਰਾਂਗੇ, ਬੁਰਾ ਸੀ ਜਾਂ ਠੀਕ ਹੈ।
ਮਿਲਿਆ ਤਪੋਂ ਜੇ ਰਾਜ, ਨਰਕ ਰਾਜ ਤੋਂ ਮਿਲੂ,
ਪੁਰਖ਼ਾਂ ਦੇ ਬੋਲ ਹਾਕਮਾ, ਪੱਥਰ 'ਤੇ ਲੀਕ ਹੈ।
ਮੈਰਿਟ ਤੇ ਡਿਗਰੀਆਂ ਨੂੰ, ਸਿਫ਼ਾਰਸ਼ ਨੇ ਕੁਚਲਿਆ।
ਵਰ੍ਹਿਆਂ ਦੀ ਘਾਲਣਾ, ਤੇ ਇਹ ਗੱਲ ਨਾ ਠੀਕ ਹੈ।
ਮੁਨਸਿਫ਼ ਜੇ ਬੇਗੁਨਾਹ ਨੂੰ, ਇਨਸਾਫ਼ ਨਾ ਦੇਵੇ,
ਸਾਜ਼ਿਸ਼ 'ਚ ਉਹ ਵੀ ਸਮਝੋ, ਬਰਾਬਰ ਸ਼ਰੀਕ ਹੈ।
ਕਿੰਜ ਚੀਜ਼ ਨਿਰ-ਅਕਾਰ ਦਾ, ਨਿਰਣਾ ਕੋਈ ਕਰੇ,
ਕਿੰਜ ਰਾਹ 'ਤੇ ਤੁਰੇ, ਜੋ ਹਵਾ ਤੋਂ ਬਰੀਕ ਹੈ।

ਸੰਪਰਕ: 94173-76895

## ਅਸੀਂ ਲੜਨਾ ਜਾਣਦੀਆਂ ਹਾਂ...

**ਡਾ. ਸੁਖਪਾਲ ਕੌਰ**

ਅਸੀਂ ਲੜਨਾ ਜਾਣਦੀਆਂ ਹਾਂ,
ਹੱਕ ਲਈ ਖੜ੍ਹਨਾ ਜਾਣਦੀਆਂ ਹਾਂ।
ਗੱਲ ਚਾਹੇ ਦੇਸ਼ ਦੀ ਹੋਵੇ,
ਜਾਂ ਸਾਡੇ ਘਰ ਦੇ ਵਿਹੜੇ ਦੀ।
ਆਪਣੀ ਹੋਂਦ ਦੀ ਖਾਤਿਰ,
ਅਸੀਂ ਮਰਨਾ ਜਾਣਦੀਆਂ ਹਾਂ।
ਚਾਹੇ ਕੋਈ ਲੱਖ ਜ਼ੁਲਮ ਕਰ ਲਏ,
ਕੋਈ ਬਾਹੂਬਲੀ ਹੋਵੇ।
ਜੇ ਆਈ 'ਤੇ ਆ ਜਾਈਏ,
ਅਸੀਂ ਦੁਰਗਾ ਬਣਨਾ ਜਾਣਦੀਆਂ ਹਾਂ।
ਅੱਖ ਵਿੱਚ ਸ਼ਰਮ ਰੱਖੀਦੀ,
ਦਿਲ ਵਿੱਚ ਖ਼ੌਫ਼ ਨਾ ਰੱਖੀਏ।
ਜਦੋਂ ਫਿਰ ਸਿਰ 'ਤੇ ਆ ਜਾਵੇ
ਅਸੀਂ ਤਲੀ 'ਤੇਧਰਨਾ ਜਾਣਦੀਆਂ ਹਾਂ।
ਨਾ ਸੋਚੀਂ ਡਰ ਕੇ ਮੁੜ ਜਾਵਾਂਗੇ
ਕਿਤੇ ਸੜਕਾਂ 'ਤੇ ਰੁਲ ਜਾਵਾਂਗੇ।
ਜਦੋਂ ਵੈਰੀ ਦੇ ਸਾਹਵੇਂ ਹਾਂ,
ਅਸੀਂ ਡਟ ਖੜ੍ਹਨਾ ਜਾਣਦੀਆਂ ਹਾਂ।





ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events





Capacity
350-375 seats



*Dream Catering "Your Venue, Our Food"*

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC    Email:info@dreambanquethall.ca

# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

| Business Hours: | |
|---|---|
| | Mon-Fri: 8am to 6pm |
| | Sat-Sun: 12 pm to 6 pm |

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca    Web:www.peacefurniture.ca